ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ
VOL-13 ISSUE 2545 | 4 August, 2026 Tuesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260



ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ


# ਪੰਜਾਬ 'ਚ ਵਕੀਲਾਂ ਦੀ ਹੜਤਾਲ ਖ਼ਤਮ ਮੰਗਲਵਾਰ ਤੋਂ ਕੰਮ 'ਤੇ ਪਰਤਣਗੇ ਵਕੀਲ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਵਿੱਚ 28 ਦਿਨਾਂ ਤੋਂ ਚੱਲ ਰਹੀ ਵਕੀਲਾਂ ਦੀ ਹੜਤਾਲ ਖ਼ਤਮ ਹੋ ਗਈ ਹੈ। ਹੁਣ ਵਕੀਲ ਮੰਗਲਵਾਰ ਤੋਂ ਕੰਮ ‘ਤੇ ਪਰਤਣਗੇ। ਇਸ ਨੂੰ ਲੈ ਕੇ ਜ਼ਿਲ੍ਹੇ ਦੀਆਂ ਬਾਰ ਐਸੋਸੀਏਸ਼ਨਾਂ ਵੱਲੋਂ ਖ਼ੁਸ਼ੀ ਪ੍ਰਗਟਾਈ ਗਈ। ਇਹ ਫ਼ੈਸਲਾ ਸੋਮਵਾਰ ਨੂੰ ਉਸ ਵੇਲੇ ਸਾਹਮਣੇ ਆਇਆ, ਜਦੋਂ ਪੰਜਾਬ-ਹਰਿਆਣਾ ਬਾਰ ਕੌਂਸਲ ਦੀ ਅਗਵਾਈ ਹੇਠ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਦੇ ਬਾਰ ਆਗੂਆਂ ਦੇ ਵਫ਼ਦ ਨੇ ਨਵੀਂ ਦਿੱਲੀ ਸਥਿਤ ਸੁਪਰੀਮ ਕੋਰਟ ਵਿੱਚ ਭਾਰਤ ਦੇ ਮੁੱਖ ਜੱਜ ਜਸਟਿਸ ਸੂਰਿਆ ਕਾਂਤ ਅਤੇ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਪ੍ਰਧਾਨ ਜਸਟਿਸ ਵਿਕਰਮ ਨਾਥ ਨਾਲ ਮੁਲਾਕਾਤ ਕੀਤੀ। ਮਿਲੀ ਜਾਣਕਾਰੀ ਅਨੁਸਾਰ ਇਸ ਮੀਟਿੰਗ ਦੌਰਾਨ ਬਾਰ ਕੌਂਸਲ ਅਤੇ ਵੱਖ-ਵੱਖ ਬਾਰ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੇ ਮੌਜੂਦਾ ਐੱਲ.ਏ.ਡੀ.ਸੀ.ਐੱਸ. ਵਿਵਸਥਾ ਨੂੰ ਲੈ ਕੇ ਆਪਣੀਆਂ ਚਿੰਤਾਵਾਂ ਅਤੇ ਇਤਰਾਜ਼ ਰੱਖੇ। ਵਫ਼ਦ ਦਾ ਕਹਿਣਾ ਸੀ ਕਿ ਮੌਜੂਦਾ ਵਿਵਸਥਾ ਦਾ ਸੁਤੰਤਰ ਤੌਰ ‘ਤੇ ਵਕਾਲਤ ਕਰਨ ਵਾਲੇ ਵਕੀਲਾਂ ‘ਤੇ ਮਾੜਾ ਅਸਰ ਪੈ ਰਿਹਾ ਹੈ। ਉਨ੍ਹਾਂ ਨੇ ਪਹਿਲਾਂ ਪਾਸ ਕੀਤੇ ਮਤਿਆਂ ਦਾ ਹਵਾਲਾ ਦਿੰਦਿਆਂ ਯੋਜਨਾ ਦੀ ਸਮੀਖਿਆ ਅਤੇ ਮੁੜ-ਗਠਨ ਦੀ ਮੰਗ ਕੀਤੀ। ਭਾਰਤ ਦੇ ਮੁੱਖ ਜੱਜ ਜਸਟਿਸ ਸੂਰਿਆ ਕਾਂਤ ਨੇ ਐਲਾਨ ਕੀਤਾ ਹੈ ਕਿ ਸਤੰਬਰ 2026 ਤੋਂ ਬਾਅਦ ਲੀਗਲ ਏਡ ਡਿਫੈਂਸ ਕੌਂਸਲ ਵਿੱਚ ਨਵੀਆਂ ਨਿਯੁਕਤੀਆਂ ਨਹੀਂ ਕੀਤੀਆਂ ਜਾਣਗੀਆਂ। ਇਸ ਦੇ ਨਾਲ ਹੀ ਨਵੀਂ ਵਿਵਸਥਾ ਲਾਗੂ ਹੋਣ ਤੱਕ ਕਾਨੂੰਨੀ ਸਹਾਇਤਾ ਦੇ ਮਾਮਲਿਆਂ ਦੀ ਵੰਡ ਜ਼ਿਲ੍ਹਾ ਅਤੇ ਸੈਸ਼ਨ ਜੱਜ, ਪੰਜਾਬ ਅਤੇ ਹਰਿਆਣਾ ਬਾਰ ਕੌਂਸਲ ਅਤੇ ਸਬੰਧਤ ਬਾਰ ਐਸੋਸੀਏਸ਼ਨ ਨਾਲ ਸਲਾਹ-ਮਸ਼ਵਰਾ ਕਰਕੇ ਕਰਨਗੇ।



# ਬਾਂਕੀਪੁਰ ਉਪ-ਚੋਣ: ਪ੍ਰਸ਼ਾਂਤ ਕਿਸ਼ੋਰ ਨੇ ਭਾਜਪਾ ਨੂੰ ਦਿੱਤੀ ਕਰਾਰੀ ਹਾਰ

ਬਾਂਕੀਪੁਰ
ਸਾਂਝੀ ਸੋਚ ਬਿਊਰੋ

ਬਿਹਾਰ ਦੀ ਬਾਂਕੀਪੁਰ ਵਿਧਾਨ ਸਭਾ ਸੀਟ ‘ਤੇ ਹੋਈ ਜ਼ਿਮਨੀ ਚੋਣ ਵਿੱਚ ਵੱਡਾ ਉਲਟਫੇਰ ਦੇਖਣ ਨੂੰ ਮਿਲਿਆ। ਬਾਂਕੀਪੁਰ ਵਿੱਚ ਨਿਤਿਨ ਨਬੀਨ ਦੀ ਸੀਟ ‘ਤੇ ਪ੍ਰਸ਼ਾਂਤ ਕਿਸ਼ੋਰ ਜਿੱਤ ਗਏ ਹਨ। ਜਨ ਸੁਰਾਜ ਪਾਰਟੀ ਦੇ ਸੰਸਥਾਪਕ ਪ੍ਰਸ਼ਾਂਤ ਕਿਸ਼ੋਰ 18,953 ਵੋਟਾਂ ਦੇ ਫਰਕ ਨਾਲ ਜਿੱਤੇ ਹਨ। ਪ੍ਰਸ਼ਾਂਤ ਕਿਸ਼ੋਰ ਨੂੰ ਕੁੱਲ 63,203 ਵੋਟਾਂ ਮਿਲੀਆਂ, ਜਦੋਂ ਕਿ ਭਾਜਪਾ ਉਮੀਦਵਾਰ ਨੀਰਜ ਕੁਮਾਰ ਨੂੰ 44,250 ਵੋਟਾਂ ਮਿਲੀਆਂ ਹਨ। ਬਾਂਕੀਪੁਰ ਸੀਟ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਦੀ ਪਰੰਪਰਾਗਤ ਸੀਟ ਹੈ। ਉਹ ਇੱਥੋਂ ਲਗਾਤਾਰ 5 ਵਾਰ ਵਿਧਾਇਕ ਰਹੇ ਹਨ। ਉਨ੍ਹਾਂ ਦੇ ਰਾਜ ਸਭਾ ਜਾਣ ਤੋਂ ਬਾਅਦ ਇਸ ਸੀਟ ‘ਤੇ ਉਪ-ਚੋਣ ਕਰਵਾਈ ਗਈ ਹੈ। ਭਾਜਪਾ ਦੇ ਉਮੀਦਵਾਰ ਨੀਰਜ ਕੁਮਾਰ ਸਿਨਹਾ ਅਤੇ ਰਜਦ ਦੀ ਉਮੀਦਵਾਰ ਰੇਖਾ ਕੁਮਾਰੀ ਦੂਜੇ ਅਤੇ ਤੀਜੇ ਨੰਬਰ ‘ਤੇ ਰਹੇ ਹਨ। ਚੋਣ ਨਤੀਜਿਆਂ ਵਿੱਚ ਵੱਡੀ ਜਿੱਤ ‘ਤੇ ਪ੍ਰਸ਼ਾਂਤ ਕਿਸ਼ੋਰ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਪ੍ਰਸ਼ਾਂਤ ਕਿਸ਼ੋਰ ਨੇ ਬਿਹਾਰ ਦੇ ਮੁੱਖ ਮੰਤਰੀ ਸਮਰਾਟ ਚੌਧਰੀ ‘ਤੇ ਨਿਸ਼ਾਨਾ ਸਾਧਿਆ ਹੈ। ਪ੍ਰਸ਼ਾਂਤ ਕਿਸ਼ੋਰ ਨੇ ਸੀਐੱਮ ਸਮਰਾਟ ਚੌਧਰੀ ‘ਤੇ ਨਿਸ਼ਾਨਾ ਸਾਧਦਿਆਂ ਕਿਹਾ. “ਸੀਐੱਮ ਸਮਰਾਟ ਚੌਧਰੀ ਨਾਲ ਮੇਰੀ ਨਿੱਜੀ ਲੜਾਈ ਨਹੀਂ ਹੈ। ਮੁੱਖ ਮੰਤਰੀ ਦਾ ਕਿਰਦਾਰ ਪਬਲਿਕ ਡੋਮੇਨ ਵਿੱਚ ਹੈ। ਕਿਸੇ ਕਾਬਲ ਇਨਸਾਨ ਨੂੰ ਬਿਹਾਰ ਦਾ ਮੁੱਖ ਮੰਤਰੀ ਬਣਾਓ ਤਾਂ ਜੋ ਬਿਹਾਰ ਦਾ ਵਿਕਾਸ ਹੋ ਸਕੇ। ਇਹ ਬਾਂਕੀਪੁਰ ਦੀ ਜਨਤਾ ਦੀ ਜਿੱਤ ਹੈ। ਇਬਿਹਾਰ ਦੀ ਜਨਤਾ ਨੇ ਬੀਜੇਪੀ ਦੀ ਕੇਂਦਰੀ ਲੀਡਰਸ਼ਿਪ ਨੂੰ ਸੁਨੇਹਾ ਦਿੱਤਾ ਹੈ। ਬਿਹਾਰ ਦੀ ਜਨਤਾ ਚਾਹੁੰਦੀ ਹੈ ਕਿ ਕੋਈ ਚੰਗਾ ਵਿਅਕਤੀ ਸੀਐੱਮ ਬਣੇ। ਪ੍ਰਸ਼ਾਂਤ ਕਿਸ਼ੋਰ ਨੇ ਅੱਗੇ ਕਿਹਾ “ਬਿਹਾਰ ਦੀ ਜਨਤਾ ਚਾਹੁੰਦੀ ਹੈ ਕਿ ਬਿਹਾਰ ਵਿੱਚ ਸਿੱਖਿਆ ਹੋਵੇ, ਰੁਜ਼ਗਾਰ ਹੋਵੇ, ਲੋਕਾਂ ਨੂੰ ਪਲਾਇਨ ਨਾ ਕਰਨਾ ਪਵੇ। ਸੀਐੱਮ ਸਮਰਾਟ ਚੌਧਰੀ ਦੀ ਲੀਡਰਸ਼ਿਪ ਨੂੰ ਬਿਹਾਰ ਦੀ ਜਨਤਾ ਪ੍ਰਵਾਨ ਨਹੀਂ ਕਰਦੀ। 30 ਸਾਲ ਦੇ ਕਿਲ੍ਹੇ ਨੂੰ ਢਹਿਣ ਵਿੱਚ 30 ਦਿਨ ਵੀ ਨਹੀਂ ਲੱਗੇ। ਬੀਜੇਪੀ ਨੇ ਗਲਤ ਵਿਅਕਤੀ ਨੂੰ ਬਿਹਾਰ ਦੀ ਅਗਵਾਈ ਦਿੱਤੀ ਹੈ।”




Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS



**Jaswant S.Pannu**
Office: 209-900-1994
Cell: 408-340-0157
jaswantpannu@yahoo.com



**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ
ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ,
ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ,
ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ
ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ
ਬਣਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ
ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਸ਼੍ਰੀ ਨਰਿੰਦਰ ਮੋਦੀ ਦੀ ਜੈਨ.ਜੀ ਦੇ ਸੰਘਰਸ਼ੀਆਂ ਨੂੰ ਮੁਆਫੀ ਦੇਣੀ ਇਕ ਛਲਾਵਾ,ਪੁਲੀਸ ਨੌਜੁਆਨਾਂ ਨੂੰ ਤੰਗ ਪਰੇਸ਼ਾਨ ਕਰ ਰਹੀ ਹੈ ਜੇਕਰ ਪ੍ਰਧਾਨ ਮੰਤਰੀ ਨੇ ਅਜਿਹੀ ਦੋਗਲੀ ਨੀਤੀ ਜਾਰੀ ਰੱਖੀ ਤਾਂ ਉਸ ਵਲੋਂ ਉਸਾਰੀ ਲੰਕਾ ਦੇ ਢਹਿਢੇਰੀ ਹੋ ਜਾਣ ਦੇ ਅਸਾਰ!!




ਇਕ ਮਹੀਨੇ ਤੋਂ ਵੱਧ ਸਮੇਂ ਤਕ ਦਿੱਲੀ ਦੇ ਜੰਤਰ ਮੰਤਰ ਵਿਖੇ ਕੋਕਰੋਚ ਜੰਨਤਾ ਪਾਰਟੀ ਵਲੋਂ ਲੜੇ ਸਘੰਰਸ਼ ਦੌਰਾਨ ਕੇਂਦਰ ਦੇ ਸਿਖਿਆ ਮੰਤਰੀ ਸ੍ਰੀ ਧਰਮਿੰਦਰ ਪ੍ਰਧਾਨ ਵਲੋਂ ਦੇਰ ਨਾਲ ਦਿੱਤੇ ਅਸਤੀਫੇ ਨੇ ਸੰਘਰਸ਼ ਨੂੰ ਖਤਮ ਹੋਣ ਦੀ ਥਾਂ ਤੇ ਇਕ ਹੋਰ ਗੰਭੀਰ ਕਿਸਮ ਦੇ ਸੰਘਰਸ਼ ਨੂੰ ਪੈਦਾ ਹੋਣ ਦੇ ਆਸਾਰ ਬਣਾ ਦਿੱਤੇ ਹਨ। ਇਸ ਸੰਘਰਸ਼ ਵਿੱਚ ਜੋ ਜੋ ਅਣਮਨੁੱਖੀ ਰਵਈਆ ਆਪਣੇ ਪੜ੍ਹ ਰਹੇ ਨੌਜੁਆਨਾਂ ਨਾਲ ਸ੍ਰੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਦੇ ਹੁਕਮਾਂ ਤੇ ਦੇਸ਼ ਦੀ ਪੁਲੀਸ, ਸੀ ਆਰ ਪੀ ਐਫ ਅਤੇ ਰੈਪਿਡ ਐਕਸ਼ਨ ਫੋਰਸ ਨੇ ਪੈਟਿਟ ਗੰਨਾਂ , ਏ ਕੇ 47 ਆਦਿ ਵਰਗੇ ਮਾਰੂ ਹਥਿਆਰ ਚਲਾ ਕੇ ਦੇਸ਼ ਦੇ ਨੌਜੁਆਨਾਂ ਦੀਆ ਹੱਕੀ ਮੰਗਾਂ ਮੰਨਣ ਦੀ ਥਾਂ ਤੇ ਉਨਾਂ ਤੇ ਜੁਲਮ ਢਾਹਿਆ ਹੈ ਇਸ ਨੇ ਉਨਾਂ ਦੇ ਅੰਦਰ ਗੁੱਸੇ ਨੂੰ ਇੰਨਾ ਪ੍ਰਬਲ ਕਰ ਦਿੱਤਾ ਕਿ ਉਨਾਂ ਨੇ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਦੇ ਨਾਲ ਹੁਣ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਅਸਤੀਫੇ ਦੀ ਮੰਗ ਨੂੰ ਜੋੜ੍ਹ ਕੇ ਹੋਰ ਸਿਖਰਾਂ ਤੇ ਲੈ ਆਂਦਾ ਹੈ । ਸ੍ਰੀ ਨਰਿੰਦਰ ਮੋਦੀ ਜਿਹੜੇ ਆਪਣੇ ਆਪ ਨੂੰ ਬੜੇ ਹੁਸ਼ਿਆਰ,ਚਲਾਕ ਤੇ ਵੱਡੇ ਸਿਅਸਤਦਾਨ ਸਮਝਦੇ ਹਨ ਆਪ ਹੀ ਇਸੇ ਘੁੰਮਣ ਘੇਰੀ ਵਿੱਚ ਫੱਸ ਗਏ ਹਨ । ਉਹ ਸਮਝਦੇ ਹਨ ਕਿ ਉਹ ਰਾਤਾਂ ਜਿਨਾਂ ਨੇ ਉਨਾਂ ਦੀਆ ਨੀਦਰਾਂ ਪੂਰੀ ਤਰਾਂ ਉਡਾਈਆਂ ਹੋਈਆਂ ਸਨ ਕਿ ਮੈਂ ਬੜਾ ਹੁਸ਼ਿਆਰ ਤੇ ਚਲਾਕ ਹਾਂ ਕਿ ਸੋਸ਼ਲ ਮੀਡੀਆ ਦੇ ਵੱਖ ਵੱਖ ਸਾਧਨਾਂ ਤੇ ਪੋਸਟਾਂ ਪਾ ਕੇ ਕਿ ਮੈਂ ਦੇਸ਼ ਦੇ ਸੰਘਰਸ਼ ਕਰ ਰਹੇ ਬੱਚੇ ਤੇ ਬੱਚੀਆਂ ਨੂੰ ਇਕ ਪਾਸੇ ਤਾਂ ਇਹ ਕਹਿ ਰਹੇ ਹਨ ਕਿ ਜਿਨਾਂ ਮੇਰੇ ਦੇਸ਼ ਦੇ ਭੋਲੇਭਾਲੇ ਬੱਚਿਆਂ ਨੂੰ ਗੁੰਮਰਾਹ ਕਰਕੇ ਮੈਨੂੰ ਤੇ ਮੇਰੀ ਸਵਰਗਵਾਸੀ ਮਾਂ ਨੂੰ ਗਾਲੀਆਂ ਦੁਆਈਆਂ ਹਨ। ਉਨਾਂ ਸਾਰੇ ਬੱਚਿਆਂ ਨੂੰ ਮੈਂ ਦਿਲੋਂ ਮੁਆਫੀ ਦੇਂਦਾ ਹਾਂ। ਇਨਾਂ ਬੱਚਿਆਂ ਤੇ ਕਿਸੇ ਪ੍ਰਕਾਰ ਦਾ ਕੋਈ ਮੁੱਕਦਮਾ ਦਰਜ ਨਹੀਂ ਕੀਤਾ ਜਾਵੇਗਾ।

ਸਾਰੇ ਦਰਜ ਮੁਕੱਦਮੇ ਵਾਪਿਸ ਲਏ ਜਾਣਗੇ ਪਰ ਜਦੋਂ ਕਿ ਹੋ ਸਭ ਕੁਝ ਉੱਲਟ ਰਿਹਾ ਹੈ । ਉਨਾਂ ਦੇ ਹਾਲੇ ਤਕ ਨਾਂ ਤਾਂ ਮੁਕੱਦਮੇ ਵਾਪਿਸ ਲਏ ਗਏ ਨਾ ਹੀ ਪੁਲੀਸ ਦੀ ਖਜਲ ਖੁਆਰੀ ਬੰਦ ਕੀਤੀ ਗਈ ਹੈ ਜਦੋਂ ਕਿ ਹੋ ਸਭ ਕੁਝ ਉੱਲਟ ਪੁੱਲਟ ਰਿਹਾ ਹੈ । ਪੁਲੀਸ ਵਲੋਂ ਇਨਾਂ ਬੱਚਿਆਂ ਨੂੰ ਉਨਾਂ ਦੇ ਘਰਾਂ ਵਿੱਚ ਛਾਪੇ ਮਾਰ ਮਾਰ ਕੇ ਜਿਥੇ ਉਨਾਂ ਤੇ ਉਨਾਂ ਦੇ ਮਾਪਿਆ ਨੂੰ ਤੰਗ ਪਰੇਸ਼ਾਨ ਕਰ ਰਹੀ ਹੈ । ਉਥੇ ਉਨਾਂ ਨੂੰ ਡਰਾ ਧਮਕਾ ਵੀ ਰਹੀ ਹੈ । ਹੋਰ ਤੇ ਹੋਰ ਇਨਾਂ ਛੋਟੀ ਉਮਰ ਦੇ ਬੱਚਿਆਂ ਕੋਲੋਂ ਹੱਥ ਜੁੜਾ ਜੁੜਾ ਕੇ ਮੁਆਫੀਆਂ ਮੰਗਾ ਕੇ ਉਨਾਂ ਨੂੰ ਟੀ ਵੀ ਦੇ ਚੈਨਲਾਂ ਅਤੇ ਸੋਸ਼ਲ ਮੀਡੀਆ ਦੇ ਵੱਖ ਵੱਖ ਸਾਧਨਾਂ ਰਾਹੀਂ ਪੋਸਟਾਂ ਪਾ ਕੇ ਸਿਖਰਾਂ ਦਾ ਜਲੀਲ ਵੀ ਕੀਤਾ ਜਾ ਰਿਹਾ ਹੈ। ਅਜਿਹਾ ਕਰਕੇ ਭਾਰਤੀ ਜੰਨਤਾ ਪਾਰਟੀ ਦੇ ਉੱਚ ਆਗੂ'ਚੋਰ ਦੇ ਨਾਲ ਚਤੱਰ ਬਣਨ' ਦੀ ਅਖਾਉਤ ਨੂੰ ਸਿਰੇ ਚੜਾ ਰਹੇ ਹਨ । ਪਰ ਇਹ ਚਲਾਕੀ ਉਨਾਂ ਨੂੰ ਪੁੱਠੀ ਪੈਣ ਦੀ ਦਲ ਦਲ ਵਿੱਚ ਫਸਾਈ ਜਾ ਰਹੀ ਹੈ ਉਹ ਜੈਨ. ਜੀ. ਨੂੰ ਘੁੰਮਣਘੇਰੀ ਵਿੱਚ ਫਸਾਉਣ ਦੀ ਥਾਂ ਤੇ ਆਪ ਹੀ ਉਸ ਵਿੱਚ ਬੁਰੀ ਤਰਾਂ ਫੱਸ ਰਹੇ ਹਨ । ਨੌਇਡਾ ਦੀ 15 ਸਾਲਾਂ ਦੀ ਰੌਚਿਕਾ ਸਿੰਘ ਜਿਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਸ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਉਸ ਦੀ ਸਵਰਗਵਾਸੀ ਮਾਂ ਨੂੰ ਗਾਲਾਂ ਕੱਢੀਆਂ ਹਨ । ਜਿਸ ਬਾਰੇ ਭਾਰਤ ਦੇ ਪ੍ਰਧਾਨ ਮੰਤਰੀ ਸਾਹਿਬ ਚੈਨਲਾਂ ਤੇ ਬਾਰ ਬਾਰ ਪ੍ਰਚਾਰ ਕਰਦੇ ਕਹਿ ਰਹੇ ਹਨ ਕਿ ਉਨਾਂ ਨੇ ਆਪਣੇ ਹੀ ਇਨਾਂ ਸਾਰੇ ਬੱਚਿਆਂ ਨੂੰ ਮੁਆਫ ਕਰ ਦਿੱਤਾ ਹੈ। ਪਰ ਰੂਚਿਕਾ ਸਿੰਘ ਤਾਂ ਸੋਸ਼ਲ ਮੀਡੀਆ ਤੇ ਇਹ ਕਹਿ ਰਹੀ ਹੈ ਕਿ ਪੁਲੀਸ ਲਗਾਤਾਰ ਘਰ ਆ ਆ ਕੇ ਉਨਾਂ ਨੂੰ ਤੇ ਉਸ ਦੇ ਮਾਪਿਆ ਨੂੰ ਤੰਗ ਅਤੇ ਪਰੇਸ਼ਾਨ ਕਰ ਰਹੀ ਹੈ । ਉਸ ਦਾ ਕੇਸ ਤਾਂ ਵਾਪਿਸ ਕੀ ਲੈਣਾ ਸੀ?ਉਹ ਇਹ ਕਹਿ ਰਹੀ ਹੀ ਪੁਲੀਸ ਦਾ ਬਾਰ ਬਾਰ ਉਨਾਂ ਦੇ ਘਰ ਆਉਣਾ ਤੇ ਪਰੈਸ਼ਾਨ ਕਰਨਾ ਸਭ ਕੁਝ ਉਸ ਦੇ ਬਰਦਾਸ਼ਤ ਤੋਂ ਬਾਹਰਾ ਹੋ ਰਿਹਾ ਹੈ । ਇਸ ਦੀ ਪੁਸ਼ਟੀ ਦਿੱਲੀ ਦੀ ਵਿਦਿਆਰਥੀ ਆਗੂ ਨੇਹਾ, ਕਾਕਰੋਚ ਪਾਰਟੀ ਦੇ ਸੰਸਥਾਪਿਕ ਸ੍ਰੀ ਅਭਿਜੀਤ ਦੀਪਕੇ ਆਦਿ ਹੋਰ ਆਗੂ ਵੀ ਕਰ ਰਹੇ ਹਨ । ਇਹ ਹੀ ਨਹੀਂ ਬਲਕਿ ਦੇਸ਼ ਦੇ ਨੌਜੁਆਨਾਂ ਨੂੰ ਹੋਰ ਡਰਾਉਣ ਤੇ ਧਮਕਾਉਣ ਦੀ ਨੀਤੀ ਦੇ ਨਾਲ ਹੁਣ ਸ੍ਰੀ ਅਭਿਜੀਤ ਦੀਪਕੇ ਦੇ ਪਿਤਾ ਜੋ ਕਿ ਬਤੌਰ ਇੰਜੀਨੀਅਰ ਕੰਮ ਕਰਦੇ ਹਨ ਦੀ ਜਾਇਦਾਦ ਦੀ ਜਾਂਚ ਪੜਤਾਲ ਵੀ ਖੋਹਲ ਦਿੱਤੀ ਗਈ ਹੈ ਕਿ ਉਨਾਂ ਨੇ ਆਪਣੇ ਪੁਤਰ ਨੂੰ ਅਮਰੀਕਾ ਦੀ ਯੂਨੀਵਰਸਿਟੀ ਬੋਸਟਨ ਵਿਖੇ ਪੜਾਈ ਕਰਨ ਲਈ ਕਿਵੇਂ ਭੇਜਿਆ ਹੈ ,ਇਹ ਪੈਸਾ ਕਿਥੋਂ ਆਇਆ ਹੈ ?ਇਸ ਸਭ ਕੁਝ ਦਾ ਮਕਸਦ ਹੈ ਕਿ ਉਨਾਂ ਨੂੰ ਇੰਨਾ ਡਰਾ ਧਮਕਾ ਦਿੱਤਾ ਜਾਵੇ ਕਿ ਉਹਨਾਂ ਦਾ ਲੜਕਾ ਅਭਿਜੀਤ ਦੀਪਕੇ ਮੁੜ੍ਹ ਅੰਦੋਲਨ ਸ਼ੁਰੂ ਕਰਨ ਦੀ ਜੁਅੱਰਤ ਨਾ ਕਰ ਸਕੇ।


ਕਾਕਰੋਚ ਜੰਨਤਾ ਪਾਰਟੀ ਦੇ ਆਗੂ ਸ੍ਰੀ ਦੀਪਕੇ ਨੇ ਸੰਘਰਸ਼ ਨੂੰ ਹੋਰ ਅੱਗੇ ਲਿਜਾਉਣ ਲਈ 5 ਅਗਸਤ 2026 ਨੂੰ ਆਪਣੇ ਵਰਕਰਾਂ ਦੀ ਮੀਟਿੰਗ ਵੀ ਬੁਲਾ ਲਈ ਹੈ। ਦੇਸ਼ ਦੀ ਪੁਲੀਸ ਵਲੋਂ ਸਾਰਾ ਜੋਰ ਲਗਾ ਕੇ ਦਹਿਸ਼ਤ ਨੂੰ ਫੈਲਾਇਆ ਜਾਵੇਗਾ ਤਾਂ ਕਿ ਉਹ ਮੁੜ੍ਹ ਸੰਘਰਸ਼ ਸ਼ੁਰੂ ਕਰਨ ਦੀ ਜੁਅਰਤ ਹੀ ਨਾ ਕਰ ਸਕਣ। ਪਰ ਇਹ ਸਾਰਾ ਵਰਤਾਰਾ ਭਾਜਪਾ ਸਰਕਾਰ ਲਈ ਇਕ ਵੱਡੀ ਚਣੌਤੀ ਵੀ ਬਣ ਰਿਹਾ ਹੈ । ਦੇਸ਼ ਦੀਆ ਸਾਰੀਆਂ ਰਾਜਨੀਤਕ ਪਾਰਟੀਆਂ ਸਮੇਤ ਕਾਕਰੋਚ ਪਾਰਟੀ ਨੇ ਬੜੇ ਜੋਰਦਾਰ ਢੰਗ ਨਾਲ ਮੰਗ ਸ਼ੁਰੂ ਕਰ ਦਿੱਤੀ ਹੈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਦੋਵੇਂ ਹੀ ਅਸਤੀਫਾ ਦੇਣ ਕਿਉਂਕਿ ਦੇਸ਼ ਦੇ ਇਨਾਂ ਆਗੂਆਂ ਨੇ ਪੁਲੀਸ ਨੂੰ ਹਦਾਇਤਾਂ ਦੇ ਕੇ ਪੈਲਿਟ ਗੰਨਾਂ , ਏ ਕੇ 47 ਰਾਈਫਲਾਂ ਹੀ ਨਹੀਂ ਚਲਾਈਆਂ ਬਲਕਿ ਵਰਜਿਤ ਹਥਿਆਰਾਂ ਦੀ ਵਰਤੋਂ ਕਰਾ ਕੇ ਕੁਝ ਬੱਚਿਆਂ ਦੀਆਂ ਅੱਖਾਂ ਦੀ ਰੋਸ਼ਨੀ ਵੀ ਖਤਮ ਕਰਾਈ ਹੈ । ਪੁਲੀਸ ਨੇ ਆਪਣੀ ਯੋਗ ਡਿਊਟੀ ਦੀ ਜਿੰਮੇਵਾਰੀ ਨਿਭਾਉਣ ਦੀ ਥਾਂ ਤੇ ਲੜਕੀਆਂ ਨਾਲ ਸਿਖਰਾਂ ਦੀ ਗੁੰਡਾ ਗਰਦੀ ਵੀ ਕੀਤੀ ਹੈ । ਸਰਕਾਰ ਤੇ ਇਹ ਵੀ ਦੋਸ਼ ਲਗ ਰਿਹਾ ਹੈ ਕਿ ਜੰਤਰ ਮੰਤਰ ਵਿਖੇ ਬਿਨਾ ਵਰਦੀ ਨੌਜੁਆਨਾਂ ਤੇ ਬੇਰਹਿਮੀ ਨਾਲ ਲਾਠੀਆਂ ਵਰਸਾਉਣ ਵਾਲੇ ਆਖਰ ਕੌਣ ਸਨ ? ਇਨਾਂ ਦੀ ਜਾਂਚ ਕਰਾ ਕੇ ਦੇਸ਼ ਦੀ ਜੰਨਤਾ ਅਗੇ ਸਚਾਈ ਲਿਆਂਦੀ ਜਾਵੇ ਕਿ ਆਖਰ ਇਹ ਰ .ਸ. ਸ. , ਬਜਰੰਗ ਦੱਲ , ਹਿੰਦੂ ਵਿਸ਼ਵ ਪ੍ਰੀਸ਼ਦ ਆਦਿ ਹੋਰ ਕਿਹੜੀਆਂ ਕੱਟੜ੍ਹ ਹਿੰਦੂ ਜਥੇਬੰਦੀਆਂ ਦੇ ਵਰਕਰ ਸਨ ,ਜੋ ਪੁਲੀਸ ਵਰਦੀ ਵਿੱਚ ਲਾਠੀਆਂ ਵਰਸਾਅ ਰਹੇ ਸਨ ?ਦੇਸ਼ ਦੀ ਮੋਦੀ ਸਰਕਾਰ ਨੂੰ ਚਾਹੀਦਾ ਤਾਂ ਇਹ ਸੀ ਕਿ ਉਹ ਦੋਵੇਂ ਹੱਥ ਜੋੜ੍ਹ ਕੇ ਭਾਰਤ ਦੀ ਜੰਨਤਾ ਕੋਲੋਂ ਇਨਾਂ ਹੋਈਆਂ ਭਾਰੀ ਗਲਤੀਆਂ ਦੀ ਦੇਸ਼ ਦੀ ਜੰਨਤਾ ਕੋਲੋਂ ਮੁਆਫੀ ਮੰਗਦੇ ਪਰ ਇਥੇ ਤਾਂ ਹੋ ਸਭ ਕੁਝ ਉਲੱਟ ਰਿਹਾ ਹੈ ,ਮਾਸੂਮ ਮਾਸੂਮ ਲੜਕੀਆਂ ਕੋਲੋਂ ਦੋਵੇਂ ਹੱਥ ਜੁੜਾ ਜੁੜਾ ਕੇ ਮੁਆਫੀਆਂ ਮੰਗਵਾ ਕੇ ਆਪਣੀ ਹਉਮੈਂ ਨੂੰ ਪੱਠੇ ਪਾਏ ਜਾ ਰਹੇ ਹਨ । ਕਿਆ ਕਹਿਣੇ ਮੋਦੀ ਸਾਹਿਬ "ਨਾਲੇ ਚੋਰ ਨਾਲੇ ਚੱਤਰ"?ਭਾਰਤ ਦੇ ਪ੍ਰਧਾਨ ਮੰਤਰੀ ਜਿਹੜੇ ਆਪਣੇ ਆਪ ਨੂੰ ਬੜੇ ਚੱਤਰ ਤੇ ਚਲਾਕ ਸਮਝਦੇ ਹਨ ਉਹ ਆਪ ਹੀ ਇਸ ਘੁੰਮਣਘੇਰੀ ਵਿੱਚ ਬੁਰੀ ਤਰਾਂ ਫੱਸ ਗਏ ਹਨ ਜਿਥੋਂ ਇਨਾਂ ਦਾ ਨਿਕਲਣਾ ਮੁਸ਼ਕਲ ਹੋਣ ਦੇ ਆਸਾਰ ਲਗ ਰਹੇ ਹਨ । 'ਗੋਦੀ ਮੀਡੀਆ' ਜਿਸ ਨੇ ਸਾਰੇ ਸੰਸਾਰ ਵਿੱਚ ਆਪਣਾ ਜਲੂਸ ਤਾਂ ਕਢਾਇਆ ਹੀ ਹੈ ਉਸ ਨੇ ਭਾਰਤ ਜਿਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਥੋਂ ਦਾ ਗਣਤੰਤਰ ਸੰਸਾਰ ਭਰ ਵਿੱਚ ਆਪਣਾ ਵਿਸ਼ੇਸ਼ ਸਥਾਨ ਰਖਦਾ ਹੈ, ਭਾਜਪਾ ਨੇ ਉਸ ਦਾ ਵੀ ਰੱਜ ਕੇ ਜਨਾਜਾ ਕੱਢਾ ਦਿੱਤਾ ਹੈ। ਜੋ ਕੁਝ ਗੋਦੀ ਪ੍ਰੈਸ ਦੇ ਨਾਲ ਜੰਤਰ ਮੰਤਰ ਵਿਖੇ ਹੋਇਆ ਹੈ ਇਨਾਂ ਨੂੰ ਚੱਪਣੀ ਨੱਕ ਡੋਬ ਕੇ ਮਰ ਜਾਣਾ ਚਾਹੀਦਾ ਹੈ। ਗੋਦੀ ਪ੍ਰੈਸ ਦੇ ਵਰਕਰਾਂ ਦੀ ਗੁਸਾਏ ਲੋਕਾਂ ਨੇ ਖੂਬ ਕੁੱਤੇ ਖਾਣੀ ਕਰਕੇ ਉਥੋਂ ਭਜਾਇਆ ਵੀ ਹੈ ।

ਜੋ ਮੋਦੀ ਸਰਕਾਰ ਬਾਰੇ ਇਸ ਵੇਲੇ ਸੰਸਾਰ ਭਰ ਵਿੱਚ ਚਰਚਾ ਚਲ ਰਹੀ ਹੈ ਉਸ ਤੋਂ ਸਾਫ ਨਜਰ ਆ ਰਿਹਾ ਹੈ ਕਿ ਸੰਘਰਸ਼ ਦੀ ਗੱਲ ਹੁਣ ਸਿਰਫ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਦੇ ਅਸਤੀਫੇ ਤੇ ਵੀ ਮੁੱਕਣ ਵਾਲਾ ਨਹੀਂ ,ਹੁਣ ਤਾਂ ਅਸਾਰ ਇਥੋਂ ਤਕ ਬਣ ਰਹੇ ਹਨ ਕਿ ਸ੍ਰੀ ਨਰਿੰਦਰ ਮੋਦੀ ਨੂੰ ਵੀ ਅਸਤੀਫਾ ਦੇਣ ਨਾਲ , ਮੋਦੀ ਸਰਕਾਰ ਦੀ ਸਾਰੀ ਦੀ ਸਾਰੀ ਲੰਕਾ ਦੀ ਸੜ੍ਹ ਕੇ ਸੁਆਹ ਹੋਣ ਵਾਲੀਆਂ ਸਥਿੱਤੀਆਂ ਵੀ ਬਣਦੀਆਂ ਜਾ ਰਹੀਆਂ ਹਨ। ਜਿਸ ਦੇ ਜਿੰਮੇਵਾਰ ਵੀ ਸ੍ਰੀ ਨਰਿੰਦਰ ਮੋਦੀ ਤੇ ਸ੍ਰੀ ਅਮਿਤ ਸ਼ਾਹ ਵੀ ਸਮਝੇ ਜਾਣਗੇ । ਜਿਹੜਾ ਹੁਣ ਅੰਦੋਲਨ ਹੋਣ ਜਾ ਰਿਹਾ ਹੈ ਉਹ ਸਿਰਫ ਜੰਨਤਾ ਕਾਕਰੋਚ ਪਾਰਟੀ ਤਕ ਹੀ ਸੀਮਤ ਰਹਿਣ ਵਾਲਾ ਨਹੀਂ ਲੱਗ ਰਿਹਾ ਬਲਕਿ ਦੇਸ਼ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੀ ਵੀ ਇਸ ਸੰਘਰਸ਼ ਵਿੱਚ ਜੁੜ੍ਹ ਜਾਣ ਦੀਆਂ ਸੰਭਾਵਨਾਵਾਂ ਵੱਧ ਗਈਆਂ ਹਨ । ਇਹ ਹੁਣ ਜੋਰ ਜਬਰ ਨਾਲ ਵੀ ਰੁੱਕਣ ਵਾਲਾ ਨਹੀਂ ਲਗਦਾ, ਕਿਉਂ ਕਿ ਦੇਸ਼ ਦੇ ਸਾਰੇ ਲੋਕ ਭਾਰਤੀ ਜੰਨਤਾ ਪਾਰਟੀ ਦੀਆਂ ਸਾਰੀਆਂ ਦੰਭੀ ਚਾਲਾਂ ਨੂੰ ਸਮਝ ਗਏ ਹਨ । "ਹਿੰਦੂਆਂ' 'ਹਿੰਦੂਆਂ' ਦੀ ਪਾਰਟੀ ਹੋਣ ਦਾ ਸ਼ੋਰ ਮਚਾਉਣ ਵਾਲੀ , ਹਿੰਦੂ ਮੁਸਲਮਾਨ ਤੇ ਪਾਕਿਸਤਾਨ ਪਾਕਿਸਤਾਨ ਦਾ ਰੌਲਾ ਪਾ ਕੇ ਲੋਕਾਂ ਨੂੰ ਡਰਾਉਣ ਵਾਲੀ ਭਾਰਤੀ ਜੰਨਤਾ ਪਾਰਟੀ ਦਾ ਸਾਰਾ ਹੀਝ ਪਿਆਜ ਲੋਕਾਂ ਵਿੱਚ ਬੁਰੀ ਤਰ੍ਹਾਂ ਨੰਗਾ ਹੋ ਗਿਆ ਹੈ। ਦੇਸ਼ ਦੇ ਸਮੂਹ ਹਿੰਦੂਆਂ ਨੂੰ ਪਤਾ ਲਗ ਗਿਆ ਹੈ ਕਿ 2 ਕਰੋੜ੍ਹ ਨੌਜੁਆਨਾਂ ਨੂੰ ਹਰ ਵਰ੍ਹੇ ਰੁਜਗਾਰ ਦੇਣ , 15 ,15 ਲੱਖ ਖਾਤਿਆਂ ਵਿੱਚ ਜਮਾ ਕਰਾਉਣੇ , ਮਹਿੰਗਾਈ ਤੇ ਭ੍ਰਿਸ਼ਟਾਚਾਰ ਖਤਮ ਕਰਨ ਦਾ ਉੱਚੀ ਉੱਚੀ ਸ਼ੋਰ ਮਚਾਉਣ ਵਾਲੀ ਭਾਰਤੀ ਜੰਨਤਾ ਪਾਰਟੀ ਦੇ ਇਹ ਨਾਅਰੇ ਸਭ ਦੇਸ਼ ਦੀ ਗੱਦੀ ਹਥਿਆਉਣ ਦੇ ਜੁੱਮਲੇ ਬਣ ਕੇ ਸਾਬਿਤ ਹੋਏ ਹਨ । ਅਸਲ ਵਿੱਚ ਇਹ ਸਰਕਾਰ ਆਮ ਲੋਕਾਂ ਦੀ ਸਰਕਾਰ ਨਾ ਹੋ ਕੇ ਸਿਰਫ ਅੰਬਾਨੀ, ਅਡਾਨੀ ਕਾਰਪੋਰੇਟਾਂ ਦੀ ਸਰਕਾਰ ਬਣ ਕੇ ਰਹਿ ਗਈ ਹੈ । ਜਿੰਨੇ ਗਬਨ ਇਸ ਭਾਰਤੀ ਜੰਨਤਾ ਪਾਰਟੀ ਦੀ ਸਰਕਾਰ ਦੇ ਵੇਲੇ ਇਨਾਂ ਦੇ ਹੀ ਆਗੂਆਂ ਨੇ ਕੀਤੇ ਉਹ ਵੀ ਰੀਕਾਰਡ ਹੋਣ ਦੇ ਨਾਲ ਪੂਰੀ ਤਰਾਂ ਜਨਤਕ ਹੋ ਚੁੱਕੇ ਹਨ । ਇਸ ਸਰਕਾਰ ਦੇ ਅੱਗੇ ਇਕ ਪਾਸੇ ਖੂਹ ਹੈ ਤੇ ਦੂਜੇ ਪਾਸੇ ਖਾਈ ਹੈ। ਇਹ ਬਹੁਤ ਬੁਰੀ ਤਰ੍ਹਾਂ ਇਸ ਮੰਝਧਾਰ ਵਿੱਚ ਫੱਸ ਗਏ ਹਨ ਜਿਨਾਂ ਵਿੱਚੋਂ ਇਨਾ ਦਾ ਨਿਕਲਣਾ ਏਨਾ ਸੌਖਾ ਦਿਖਾਈ ਨਹੀਂ ਦੇ ਰਿਹਾ। ਹਾਲਾਤ ਇਸ ਗੱਲ ਦੀ ਤਰਜਮਾਨੀ ਕਰਦੇ ਪ੍ਰਤੀਤ ਹੋ ਰਹੇ ਹਨ ਜੇਕਰ ਇਹ ਮੁੜ ਦੁਬਾਰਾ ਹੋਣ ਵਾਲੇ ਸੰਘਰਸ਼ ਨੂੰ ਰੋਕਦੇ ਨਹੀਂ ਅਤੇ ਹੋਣ ਦੇਂਦੇ ਹਨ ਤਾਂ ਵੀ ਇਨਾ ਦੀ ਸਰਕਾਰ ਬੱਚਣ ਦੇ ਅਸਾਰ ਨਹੀਂ ਲਗਦੇ ਕਿਉਂ ਕਿ ਸ੍ਰੀ ਅਮਿਤ ਸ਼ਾਹ ਨੂੰ ਅਸਤੀਫਾ ਦੇਣਾ ਹੀ ਪੈਣਾ ਲਗਦਾ ਹੈ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਤੋਂ ਬਿਨਾ ਆਪਣੇ ਆਪ ਨੂੰ ਹੀਣੇ ਸਮਝਦੇ ਹਨ। ਸ੍ਰੀ ਨਰਿੰਦਰ ਮੋਦੀ ਇਕੱਲੇ ਸਰਕਾਰ ਚਲਾਉਣ ਵਿੱਚ ਆਪਣੇ ਆਪ ਨੂੰ ਅਸਮਰੱਥ ਸਮਝਦੇ ਹਨ। ਜੇਕਰ ਸਰਕਾਰ ਉੱਠ ਰਹੇ ਅੰਦੋਲਨ ਨੂੰ ਦਬਾਉਣ ਲਈ ਤਸ਼ਦੱਦ ਦਾ ਰਾਹ ਅਖਤਿਆਰ ਕਰਦੀ ਹੈ ਤਾਂ ਹਾਲਾਤ ਇਹ ਬਣਦੇ ਜਾ ਰਹੇ ਹਨ ਕਿ ਦੇਸ਼ ਵਿੱਚ ਕਿਧਰੇ ਬਗਾਵਤ ਹੀ ਨਾ ਹੋ ਜਾਵੇ ਕਿਉਂਕਿ ਦੇਸ਼ ਦੇ ਲੋਕ ਬੁਰੀ ਤਰਾਂ ਇਸ ਸਰਕਾਰ ਤੋਂ ਤੰਗ ਆ ਚੁੱਕੇ ਹਨ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਭਵਿੱਖ ਦਾ ਊਠ ਕਿਸ ਤਰਫ ਕਰਵਟ ਲੈਂਦਾ ਹੈ !!

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।
ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।
Ghuman Law Group ਤੁਹਾਡੇ ਨਾਲ ਹੈ
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :
Green Card Case ਨੂੰ ਜਲਦੀ ਹੱਲ ਕਰਨ ਵਿੱਚ
CDL ਅਤੇ ਕੰਮ ਨੂੰ ਬਚਾਉਣ ਲਈ Legal Guidance
Deportation ਜਾਂ Immigration Detention Cases ਵਿੱਚ Legal Advice
Appeals ਅਤੇ Immigration Process ਵਿੱਚ ਸਹਾਇਤਾ
Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ
ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ
GHUMAN LAW GROUP INC.
Criminal Defense, Family and Immigration Law
Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ
ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)
Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

# ਨਿਊਯਾਰਕ ਵਿੱਚ "ਚੱਲ ਮੇਲੇ ਨੂੰ ਚੱਲੀਏ" ਯਾਦਗਾਰੀ ਹੋ ਨਿਬੜਿਆ

## ਪੰਜਾਬੀ ਗਾਇਕਾਂ ਦੀਆਂ ਪੇਸ਼ਕਾਰੀਆਂ ਨੇ ਬੰਨਿਆ ਰੰਗ

ਫਰਿਜ਼ਨੋ
ਕੁਲਵੰਤ ਧਾਲੀਆਂ,ਨੀਟਾ ਮਾਛੀਕੇ

ਨਿਊਯਾਰਕ, ਪੰਜਾਬੀ ਸੱਭਿਆਚਾਰ, ਵਿਰਸੇ ਅਤੇ ਸੰਗੀਤ ਦੀਆਂ ਰੌਣਕਾਂ ਨੂੰ ਸਮਰਪਿਤ ਫਤਿਹ ਇੰਟਰਟੇਨਮੈਂਟ ਵੱਲੋਂ ਨਿਊਯਾਰਕ ਵਿੱਚ ਕਰਵਾਇਆ ਗਿਆ ਵਿਸ਼ਾਲ ਮੇਲਾ "ਚੱਲ ਮੇਲੇ ਨੂੰ ਚੱਲੀਏ" ਸ਼ਾਨਦਾਰ ਸਫਲਤਾ ਨਾਲ ਸੰਪੰਨ ਹੋਇਆ। ਮੇਲੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਪਰਿਵਾਰਾਂ ਸਮੇਤ ਸ਼ਿਰਕਤ ਕੀਤੀ। ਦਰਸ਼ਕਾਂ ਦੇ ਭਾਰੀ ਇਕੱਠ, ਨਾਮਵਰ ਕਲਾਕਾਰਾਂ ਦੀਆਂ ਦਮਦਾਰ ਪੇਸ਼ਕਾਰੀਆਂ, ਖਾਣ ਪੀਣ ਅਤੇ ਖਰੀਦਦਾਰੀ ਦੇ ਸਟਾਲਾਂ ਨੇ ਨਿਊਯਾਰਕ ਦੀ ਧਰਤੀ ਤੇ ਪੰਜਾਬ ਦੇ ਕਿਸੇ ਵੱਡੇ ਮੇਲੇ ਵਰਗਾ ਮਾਹੌਲ ਸਿਰਜ ਦਿੱਤਾ। ਇਸ ਮੇਲੇ ਨੂੰ ਸਫਲ ਬਣਾਉਣ ਪਿੱਛੇ ਫਤਿਹ ਇੰਟਰਟੇਨਮੈਂਟ ਦੀ ਸਮੁੱਚੀ ਟੀਮ ਦੀ ਲੰਬੇ ਸਮੇਂ ਦੀ ਮਿਹਨਤ ਅਤੇ ਸੁਚੱਜੀ ਵਿਉਂਤਬੰਦੀ ਰਹੀ। ਟੋਨੀ ਮੁਲਤਾਨੀ, ਰਣਧੀਰ ਬਰਾੜ, ਕਾਲਾ ਜੰਡੀ, ਗਿੱਲ ਪ੍ਰਦੀਪ, ਪ੍ਰੀਤ ਨਿਊਯਾਰਕ ਅਤੇ ਨੀਟਾ ਮਨਿਆਣੀ ਸਮੇਤ ਟੀਮ ਦੇ ਹੋਰ ਸਾਥੀਆਂ ਅਤੇ ਸਪੋਟਰਾਂ ਨੇ ਮਿਲ ਕੇ ਪ੍ਰੋਗਰਾਮ ਦੀਆਂ ਤਿਆਰੀਆਂ ਤੋਂ ਲੈ ਕੇ ਮੇਲੇ ਦੇ ਅਖੀਰ ਤੱਕ ਆਪਣੀ ਜ਼ਿੰਮੇਵਾਰੀ ਨਿਭਾਈ। ਮੇਲੇ ਦਾ ਸਭ ਤੋਂ ਵੱਡਾ ਆਕਰਸ਼ਣ ਪੰਜਾਬੀ ਗਾਇਕੀ ਦੇ ਨਾਮਵਰ ਅਤੇ ਉਭਰ ਦੇ ਕਲਾਕਾਰਾਂ ਦੀਆਂ ਲਾਈਵ ਪੇਸ਼ਕਾਰੀਆਂ ਰਹੀਆਂ। ਨੌਜਵਾਨ ਦਿਲਾਂ ਦੀ ਧੜਕਨ ਕੁਲਵਿੰਦਰ ਬਿੱਲਾ, ਪਰਿਵਾਰਿਕ ਅਤੇ ਸੱਭਿਆਚਾਰ ਗਾਇਕੀ ਲਈ ਜਾਣੇ ਜਾਂਦੇ ਹਰਜੀਤ ਹਰਮਨ, ਪੰਜਾਬੀ ਗਾਇਕੀ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲੇ ਯਾਸਿਰ ਹੁਸੈਨ, ਵਾਈਸ ਆਫ ਪੰਜਾਬ ਨਾਲ ਪਹਿਚਾਣ ਬਣਾਉਣ ਵਾਲੀ ਗਾਇਕਾ



ਹਰਮਨਪ੍ਰੀਤ ਕੌਰ ਅਤੇ ਨਵੀਂ ਆਵਾਜ਼ ਉੱਚਾ ਲੰਮਾ ਗੱਭਰੂ ਪਰਮ ਪਾਬਲਾ ਨੇ ਆਪਣੀਆਂ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਇੱਕ ਤੋਂ ਬਾਅਦ ਇੱਕ ਕਲਾਕਾਰ ਜਦੋਂ ਸਟੇਜ ਤੇ ਪਹੁੰਚੇ ਤਾਂ ਦਰਸ਼ਕਾਂ ਦਾ ਉਤਸ਼ਾਹ ਵੀ ਵੱਧਦਾ ਗਿਆ। ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੀ ਮਹਿਕ ਨਾਲ ਭਰਪੂਰ ਗੀਤਾਂ ਨੇ ਪਰਦੇਸ਼ ਦੀ ਧਰਤੀ ਤੇ ਪੰਜਾਬ ਦੀ ਯਾਦ ਤਾਜ਼ਾ ਕਰਵਾ ਦਿੱਤੀ। ਦਰਸ਼ਕਾਂ ਨੇ ਗੀਤਾਂ ਤੇ ਨੱਚ ਕੇ ਅਤੇ ਤਾੜੀਆਂ ਨਾਲ ਕਲਾਕਾਰਾਂ ਦਾ ਹੌਂਸਲਾ ਵਧਾਇਆ। ਸਟੇਜ ਜੀ ਪ੍ਰੋਗਰਾਮ ਦੀ ਵਿਉਂਤਬੰਦੀ ਵੀ ਮੇਲੇ ਦੀ ਖਾਸੀਅਤ ਰਹੀ। ਸ਼ੁਰੂਆਤ ਤੋਂ ਅੰਤ ਤੱਕ ਪ੍ਰੋਗਰਾਮ ਲਗਾਤਾਰ ਰੌਣਕਾਂ ਭਰਿਆ ਰਿਹਾ ਅਤੇ ਵੱਖ-ਵੱਖ ਕਲਾਕਾਰਾਂ ਨੇ ਆਪਣੀ ਗਾਇਕੀ ਦੇ ਵੱਖਰੇ ਰੰਗ ਪੇਸ਼ ਕੀਤੇ। ਖਾਸ ਤੌਰ ਤੇ ਕਲਾਕਾਰਾਂ ਦੀਆਂ ਲਾਈਵ ਪੇਸ਼ਕਾਰੀਆਂ ਇਸ ਮੇਲੇ ਦੀਆਂ ਉਹ ਯਾਦਾਂ ਬਣੀਆਂ, ਜਿਨਾਂ ਦੀ ਚਰਚਾ ਦਰਸ਼ਕ ਲੰਮੇ ਸਮੇਂ ਤੱਕ ਕਰਦੇ ਰਹਿਣਗੇ। ਚੱਲ ਮੇਲੇ ਨੂੰ ਚੱਲੀਏ ਸਿਰਫ ਇੱਕ ਸੰਗੀਤਕ ਪ੍ਰੋਗਰਾਮ ਤੱਕ ਸੀਮਤ ਨਹੀਂ ਰਿਹਾ, ਸਗੋਂ ਇਸ ਨੇ ਇੱਕ ਪੂਰੇ ਪੰਜਾਬੀ ਮੇਲੇ ਦਾ ਰੂਪ ਧਾਰਿਆ। ਮੇਲਾ ਮੈਦਾਨ ਵਿੱਚ ਵੱਖ-ਵੱਖ ਤਰ੍ਹਾਂ ਦੇ ਖਾਣ ਪੀਣ ਦੇ ਸਟਾਲ, ਕਾਰੋਬਾਰੀ ਅਤੇ ਖਰੀਦੋ ਫਰੋਖਤ ਦੇ ਸਟਾਲ ਲੱਗੇ ਹੋਏ ਸਨ। ਪਰਿਵਾਰਾਂ ਸਮੇਤ ਪਹੁੰਚੇ ਲੋਕਾਂ ਨੇ ਜਿੱਥੇ ਪੰਜਾਬੀ ਸੰਗੀਤ ਦਾ ਆਨੰਦ ਮਾਣਿਆ, ਉੱਥੇ ਮੇਲੇ ਦੀਆਂ ਹੋਰ ਰੌਣਕਾਂ ਦਾ ਵੀ ਖੂਬ ਲੁਤਫ ਉਠਾਇਆ। ਮੇਲੇ ਦੀ ਸਫਲਤਾ ਵਿੱਚ ਸਹਿਯੋਗ ਦੇਣ ਵਾਲੇ ਸਮੂਹ ਸਪਾਂਸਰਾ, ਸਪੋਟਰਾਂ, ਵਲੰਟੀਅਰਾਂ ਅਤੇ ਦਰਸ਼ਕਾਂ ਦਾ ਫਤਿਹ ਇੰਟਰਟੇਨਮੈਂਟ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਕੁੱਲ ਮਿਲਾ ਕੇ ਨਿਊਯਾਰਕ ਵਿੱਚ ਹੋਇਆ "ਚੱਲ ਮੇਲੇ ਨੂੰ ਚੱਲੀਏ" ਪੰਜਾਬੀ ਸੰਗੀਤ ਅਤੇ ਸੱਭਿਆਚਾਰ ਦੀਆਂ ਯਾਦਗਾਰੀ ਰੌਣਕਾਂ ਛੱਡ ਗਿਆ। ਹਜ਼ਾਰਾਂ ਦਰਸ਼ਕਾਂ ਦੀ ਹਾਜ਼ਰੀ, ਕਲਾਕਾਰਾਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ, ਪੰਜਾਬੀ ਖਾਣ ਪੀਣ ਅਤੇ ਮੇਲੇ ਵਰਗੇ ਮਾਹੌਲ ਨੇ ਇਸ ਸਮਾਗਮ ਨੂੰ ਖਾਸ ਬਣਾ ਦਿੱਤਾ। ਪ੍ਰਦੇਸ਼ ਦੀ ਧਰਤੀ ਤੇ ਪੰਜਾਬੀਅਤ ਦੇ ਰੰਗ ਬਖੇਰ ਦਾ ਇਹ ਮੇਲਾ ਆਏ ਹੋਏ ਦਰਸ਼ਕਾਂ ਦੀਆਂ ਯਾਦਾਂ ਵਿੱਚ ਚਿਰਾਂ ਤੱਕ ਵਸਿਆ ਰਹੇਗਾ ਅਤੇ ਭਵਿੱਖ ਵਿੱਚ ਵੀ ਅਜਿਹੇ ਸੱਭਿਆਚਾਰਕ ਉਪਰਾਲਿਆਂ ਲਈ ਇੱਕ ਉਤਸ਼ਾਹ ਬਣੇਗਾ।

# 'ਮਨੁੱਖੀ ਅਧਿਕਾਰ ਦਿਹਾੜਾ' ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਨੂੰ ਸਮਰਪਿਤ 19 ਸਤੰਬਰ ਨੂੰ ਫਰਿਜ਼ਨੋ ਵਿਖੇ ਮਨਾਇਆ ਜਾਵੇਗਾ

## "ਖਾਲੜਾ ਪਾਰਕ ਵਿੱਚ ਹੋਵੇਗਾ ਯਾਦਗਾਰੀ ਸਮਾਗਮ"

ਫਰਿਜ਼ਨੋ
ਕੁਲਵੰਤ ਧਾਲੀਆਂ,ਨੀਟਾ ਮਾਛੀਕੇ


ਫਰਿਜ਼ਨੋ ਦੇ ਖਾਲੜਾ ਪਾਰਕ ਵਿਖੇ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਅਤੇ ਇੰਡੋ ਯੂ.ਐੱਸ. ਹੈਰੀਟੇਜ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸ਼ਹੀਦ ਜਸਵੰਤ ਸਿੰਘ ਖਾਲੜਾ ਜੀ ਦੀ ਪਾਵਨ ਯਾਦ ਨੂੰ ਸਮਰਪਿਤ ਸਲਾਨਾ ਮਨੁੱਖੀ ਅਧਿਕਾਰ ਦਿਹਾੜਾ ਸ਼ਨੀਵਾਰ, 19 ਸਤੰਬਰ, 2026 ਨੂੰ ਸਵੇਰੇ 9:00 ਵਜੇ ਤੋਂ ਸ਼ਾਮ 6:00 ਵਜੇ ਤੱਕ ਫਰਿਜ਼ਨੋ ਦੇ ਖਾਲੜਾ ਪਾਰਕ ਵਿਖੇ ਮਨਾਇਆ ਜਾਵੇਗਾ। ਪ੍ਰੋਗਰਾਮ ਦੀ ਅਰੰਭਤਾ ਸੁਖਮਨੀ ਸਹਿਬ ਦੇ ਪਾਠ ਅਤੇ ਢਾਡੀ ਵਾਰਾਂ ਨਾਲ ਹੋਵੇਗੀ। ਚਾਹ ਪਕੋੜਿਆਂ ਦਾ ਲੰਗਰ ਅਤੁੱਟ ਵਰਤੇਗਾ। ਇਹ ਸਮਾਗਮ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਅਤੇ ਇੰਡੋ ਯੂ.ਐੱਸ. ਹੈਰੀਟੇਜ ਦੇ ਸਾਂਝੇ ਉਪਰਾਲੇ ਤਹਿਤ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਨੂੰ ਸ਼ਮੂਲੀਅਤ ਦਾ ਸੱਦਾ ਦਿੱਤਾ ਗਿਆ ਹੈ।ਪ੍ਰਬੰਧਕਾਂ ਨੇ ਦੱਸਿਆ ਕਿ ਇਸ ਮੌਕੇ ਮਨੁੱਖੀ ਅਧਿਕਾਰਾਂ, ਸੱਚ, ਸਮਾਜਿਕ ਨਿਆਂ ਅਤੇ ਸ਼ਹੀਦ ਜਸਵੰਤ ਸਿੰਘ ਖਾਲੜਾ ਜੀ ਦੇ ਅਦੁੱਤੀ ਯੋਗਦਾਨ ਬਾਰੇ ਪ੍ਰਸਿੱਧ ਬੁੱਧੀਜੀਵੀ, ਚਿੰਤਕ, ਸਮਾਜ ਸੇਵੀ ਅਤੇ ਉੱਘੇ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਨਗੇ।ਮੀਟਿੰਗ ਦੌਰਾਨ ਕਮੇਟੀ ਮੈਂਬਰਾਂ ਨੇ ਕਿਹਾ ਕਿ ਇਹ ਸਮਾਗਮ ਸਿਰਫ਼ ਇੱਕ ਸਾਲਾਨਾ ਇਕੱਠ ਨਹੀਂ, ਸਗੋਂ ਦੁਨੀਆਂ ਪੱਧਰ ਤੇ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਸੱਚ ਤੇ ਇਨਸਾਫ਼ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਤੀਕ ਹੈ। ਉਨ੍ਹਾਂ ਸਮੂਹ ਸੰਗਤਾਂ ਅਤੇ ਇਲਾਕੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਪਹੁੰਚ ਕੇ ਇਸ ਸਮਾਗਮ ਦੀ ਸ਼ਾਨ ਵਧਾਉਣ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ਹਰਦੇਵ ਸਿੰਘ ਰਸੂਲਪੁਰ: (559) 705-7651 ਨਿਰਮਲ ਸਿੰਘ ਧਨੌਲਾ: (559) 270-9880



# ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ ਵਿਖੇ "ਨਸ਼ਾ ਮੁਕਤ ਭਾਰਤ ਅਭਿਆਨ" ਤਹਿਤ ਸਹੁੰ ਚੁੱਕ ਸਮਾਗਮ ਆਯੋਜਿਤ

ਰਈਆ
ਡਾ.ਰਜਿੰਦਰ ਰਿਖੀ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਉਪ ਕੁਲਪਤੀ ਪ੍ਰੋ. (ਡਾ.) ਕਰਮਜੀਤ ਸਿੰਘ ਅਤੇ ਡੀਨ ਕਾਲਜ ਵਿਕਾਸ ਕੌਂਸਲ ਪ੍ਰੋ. (ਡਾ.) ਸਰੋਜ ਅਰੋੜਾ ਦੇ ਦਿਸ਼ ਨਿਰਦੇਸ਼ਾਂ ਤਹਿਤ ਅਤੇ ਕਾਲਸ ਇੰਚਾਰਜ ਡਾ. ਹਰਸਿਮਰਨ ਕੌਰ ਦੀ ਯੋਗ ਅਗਵਾਈ ਨਾਲ, ਭਾਰਤ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਸ਼੍ਰੀ ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ ਵਿਖੇ "ਨਸ਼ਾ ਮੁਕਤ ਭਾਰਤ ਅਭਿਆਨ"ਤਹਿਤ "ਯੁਵਾ ਫ਼ਾਰ ਵਿਕਸਿਤ ਭਾਰਤ ਨਸ਼ੇ ਤੋਂ ਦੂਰੀ, ਵਿਕਸਿਤ ਭਾਰਤ ਲਈ ਜ਼ਰੂਰੀ" ਵਿਸ਼ੇ ਅਧੀਨ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਸਭ ਤੋਂ ਵੱਡੀਆਂ ਰੁਕਾਵਟਾਂ ਵਿੱਚੋਂ ਇੱਕ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਿਹਤਮੰਦ, ਅਨੁਸ਼ਾਸਿਤ ਅਤੇ ਜ਼ਿੰਮੇਵਾਰ ਨਾਗਰਿਕ ਬਣਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਨਾਲ ਹੀ "ਵਿਕਸਿਤ ਭਾਰਤ"ਦੇ ਸੁਪਨੇ ਨੂੰ ਸਾਕਾਰ ਕੀਤਾ ਜਾ ਸਕਦਾ ਹੈਲ ਸਮਾਗਮ ਨੂੰ ਐਨਐੱਸਐੱਸ ਪ੍ਰੋਗਰਾਮ ਅਫਸਰ ਕਰਮਬੀਰ ਸਿੰਘ ਵੱਲੋਂ ਕੋਰਡੀਨੇਟ ਕੀਤਾ ਗਿਆ ਲ ਉਹਨਾਂ ਨਸ਼ਿਆਂ ਤੋਂ ਦੂਰ ਰਹਿਣ, ਆਪਣੇ ਪਰਿਵਾਰ, ਦੋਸਤਾਂ ਅਤੇ ਸਮਾਜ ਨੂੰ ਵੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਅਤੇ ਨਸ਼ਾ ਮੁਕਤ ਭਾਰਤ ਦੀ ਸਿਰਜਣਾ ਲਈ ਆਪਣਾ ਯੋਗਦਾਨ ਪਾਉਣ ਦੀ ਸਹੁੰ ਚੁਕਾਈ ।' ਨਸ਼ੇ ਸੇ ਦੂਰੀ ਸੁਨਹਿਰੀ ਕਲ ਕੇ ਲੀਏ ਹੈ ਜ਼ਰੂਰੀ ਤਹਿਤ ਕਾਲਜ ਇੰਚਾਰਜ ਡਾ.ਹਰਸਿਮਰਨ ਕੌਰ ਵੱਲੋਂ ਨਸ਼ਿਆਂ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਨੁਕਸਾਨਾਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਅਤੇ ਵਿਦਿਆਰਥੀਆਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ।ਅਭਿਆਨ ਤਹਿਤ 241 ਵਿਦਿਆਰਥੀਆਂ ਅਤੇ 17 ਅਧਿਆਪਕਾਂ ਨੇ ਭਾਰਤ ਸਰਕਾਰ ਦੇ ਨਿਰਧਾਰਿਤ ਪੋਰਟਲ 'ਤੇ ਆਨਲਾਈਨ ਈ-ਪਲੇਜ ਵੀ ਲਈ ਅਤੇ ਨਸ਼ਾ ਮੁਕਤ ਭਾਰਤ ਦੇ ਨਿਰਮਾਣ ਲਈ ਆਪਣੀ ਵਚਨਬੱਧਤਾ ਪ੍ਰਗਟਾਇਆ ।ਕਾਲਜ ਪ੍ਰਸ਼ਾਸਨ ਨੇ ਭਵਿੱਖ ਵਿੱਚ ਵੀ ਅਜਿਹੇ ਜਾਗਰੂਕਤਾ ਪ੍ਰੋਗਰਾਮ ਲਗਾਤਾਰ ਕਰਵਾਉਣ ਦਾ ਸੰਕਲਪ ਦੁਹਰਾਇਆ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਇੱਕ ਸਿਹਤਮੰਦ,



ਸੁਰੱਖਿਅਤ ਅਤੇ ਵਿਕਸਿਤ ਭਾਰਤ ਦੀ ਸਿਰਜਣਾ ਵਿੱਚ ਯੋਗਦਾਨ ਪਾਇਆ ਜਾ ਸਕੇ। ਇਸ ਮੌਕੇ ਕਾਲਜ ਸਟਾਫ ਵਿੱਚੋਂ ਮੈਡਮ ਜਸਵਿੰਦਰ ਕੌਰ,ਕਰਮਬੀਰ ਸਿੰਘ, ਮਨਦੀਪ ਸਿੰਘ,ਹੀਰਾ ਲਾਲ,ਰੋਹਿਤ ਗੁਪਤਾ, ਮਨੂੰ ਬਾਲਾ ਤੇ ਗਗਨ ਸ਼ਰਮਾ ਵੱਲੋਂ ਸਹੁੰ ਚੁੱਕੀ ਗਈ।





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ
SIKH GURDWARA - SAN JOSE
ਵਿਸ਼ਾਲ ਗੁਰਮਤਿ ਸਮਾਗਮ
ਅਮਰੀਕਾ ਦੀ ਧਰਤੀ 'ਤੇ ਸਥਿਤ
SAN JOSE ਗੁਰਦੁਆਰਾ ਸਾਹਿਬ, ਕੈਲੀਫੋਰਨੀਆ ਵਿਖੇ
ਇੱਕ ਵਿਸ਼ਾਲ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਜਾ ਰਿਹਾ ਹੈ।
ਇਸ ਪਾਵਨ ਸਮਾਗਮ ਵਿੱਚ
ਭਾਈ ਰਣਜੀਤ ਸਿੰਘ ਜੀ ਖਾਲਸਾ ਢੱਡਰੀਆਂ ਵਾਲੇ
ਪਾਵਨ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ
ਸੰਗਤਾਂ ਨੂੰ ਨਿਹਾਲ ਕਰਨਗੇ।
ਸਮਾਗਮ ਦੀਆਂ ਮਿਤੀਆਂ
7 ਅਤੇ 8 ਅਗਸਤ 2026
ਸ਼ਾਮ 6:00 ਵਜੇ ਤੋਂ 9:00 ਵਜੇ ਤੱਕ
ਸਮਾਗਮ ਦੀਆਂ ਮਿਤੀਆਂ
9 ਅਗਸਤ 2026
ਸਵੇਰੇ 11:00 ਵਜੇ ਤੋਂ ਦੁਪਹਿਰ 2:00 ਵਜੇ ਤੱਕ
ਸਥਾਨ
3636 Gurdwara Avenue
San Jose, Cailforina
ਜੇ ਤੁਸੀਂ ਕੈਲੀਫੋਰਨੀਆ ਜਾਂ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਰਹਿੰਦੇ ਹੋ
ਤਾਂ ਆਪਣੇ ਪਰਿਵਾਰ ਅਤੇ ਬੱਚਿਆਂ ਸਮੇਤ ਇਸ ਪਾਵਨ ਗੁਰਮਤਿ ਸਮਾਗਮ ਵਿੱਚ ਜ਼ਰੂਰ ਪਹੁੰਚੋ
ਅਤੇ ਗੁਰਬਾਣੀ ਦੇ ਰਸ ਨਾਲ ਆਪਣਾ ਜੀਵਨ ਧੰਨ ਬਣਾਓ।
ਹੋਰ ਜਾਣਕਾਰੀ ਲਈ ਸੰਪਰਕ ਕਰੋ: +1(408) 274-9373
ਆਓ... ਗੁਰੂ ਚਰਨਾਂ ਵਿੱਚ ਸੀਸ ਨਿਵਾਈਏ, ਗੁਰਬਾਣੀ ਦਾ ਰਸ ਮਾਣੀਏ ਅਤੇ ਆਪਣੇ ਜੀਵਨ ਨੂੰ ਗੁਰੂ ਦੇ ਉਪਦੇਸ਼ਾਂ ਨਾਲ ਰੌਸ਼ਨ ਕਰੀਏ।


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਉਜ਼ਬੇਕਿਸਤਾਨ ਦੇ ਵਿਦੇਸ਼ ਮੰਤਰੀ ਸਰਕਾਰੀ ਦੌਰੇ ਲਈ ਪਹੁੰਚੇ ਨਵੀਂ ਦਿੱਲੀ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਉਜ਼ਬੇਕਿਸਤਾਨ ਦੇ ਵਿਦੇਸ਼ ਮੰਤਰੀ ਬਖਤਿਯੋਰ ਸੈਦੋਵ ਸੋਮਵਾਰ ਨੂੰ ਭਾਰਤ ਅਤੇ ਉਜ਼ਬੇਕਿਸਤਾਨ ਵਿਚਕਾਰ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਸਰਕਾਰੀ ਦੌਰੇ ਲਈ ਨਵੀਂ ਦਿੱਲੀ ਪਹੁੰਚੇ। ਉਨ੍ਹਾਂ ਦੇ ਆਉਣ ਦਾ ਸਵਾਗਤ ਕਰਦੇ ਹੋਏ, ਵਿਦੇਸ਼ ਮੰਤਰਾਲੇ (ਐਮਈਏ) ਦੇ ਬੁਲਾਰੇ ਰਣਧੀਰ ਜੈਸਵਾਲ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, "ਉਜ਼ਬੇਕਿਸਤਾਨ ਦੇ ਵਿਦੇਸ਼ ਮੰਤਰੀ ਬਖਤਿਯੋਰ ਸੈਦੋਵ ੍ਹੰ_ਸ਼ਓਿਦੋਵ ਦਾ ਨਵੀਂ ਦਿੱਲੀ ਵਿੱਚ ਸਰਕਾਰੀ ਦੌਰੇ ਲਈ ਪਹੁੰਚਣ 'ਤੇ ਬਹੁਤ ਨਿੱਘਾ ਸਵਾਗਤ ਹੈ।"

ਸਾਇਦੋਵ ਭਾਰਤ ਸਰਕਾਰ ਦੇ ਸੱਦੇ 'ਤੇ 5 ਅਗਸਤ ਤੱਕ ਭਾਰਤ ਦਾ ਦੌਰਾ ਕਰ ਰਹੇ ਹਨ। ਆਪਣੀ ਫੇਰੀ ਦੌਰਾਨ, ਉਜ਼ਬੇਕ ਵਿਦੇਸ਼ ਮੰਤਰੀ ਰਾਸ਼ਟਰਪਤੀ ਭਵਨ ਵਿਖੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕਰਨ ਅਤੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨਾਲ ਵਿਚਾਰ-ਵਟਾਂਦਰਾ ਕਰਨ ਦਾ ਪ੍ਰੋਗਰਾਮ ਹੈ।

ਉਹ ਨਵੀਂ ਦਿੱਲੀ ਵਿੱਚ ਇੱਕ ਵਪਾਰਕ ਮੰਚ ਵਿੱਚ ਵੀ ਹਿੱਸਾ ਲੈਣਗੇ, ਜਿਸ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਆਰਥਿਕ ਅਤੇ ਵਪਾਰਕ ਸਹਿਯੋਗ ਨੂੰ ਵਧਾਉਣ ਦੇ ਮੌਕਿਆਂ ਨੂੰ ਉਜਾਗਰ ਕੀਤਾ ਜਾਵੇਗਾ। ਇਹ ਦੌਰਾ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਭਾਰਤ ਅਤੇ ਉਜ਼ਬੇਕਿਸਤਾਨ ਵਪਾਰ, ਨਿਵੇਸ਼, ਤਕਨਾਲੋਜੀ, ਊਰਜਾ, ਸਿੱਖਿਆ ਅਤੇ ਸੰਪਰਕ ਸਮੇਤ ਕਈ ਖੇਤਰਾਂ ਵਿੱਚ ਆਪਣੀ ਰਣਨੀਤਕ ਭਾਈਵਾਲੀ ਨੂੰ ਹੋਰ ਡੂੰਘਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦੌਰੇ ਤੋਂ ਪਹਿਲਾਂ, ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ 20 ਜੁਲਾਈ ਨੂੰ ਸੈਦੋਵ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ, ਜਿਸ ਦੌਰਾਨ ਦੋਵਾਂ ਆਗੂਆਂ ਨੇ ਦੁਵੱਲੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ।

ਗੱਲਬਾਤ ਤੋਂ ਬਾਅਦ, ਵਿਦੇਸ਼ ਮੰਤਰੀ ਜੈਸ਼ੰਕਰ ਨੇ ਕਿਹਾ ਕਿ ਚਰਚਾ "ਸਾਡੇ ਦੁਵੱਲੇ ਸਬੰਧਾਂ ਨੂੰ ਡੂੰਘਾ ਕਰਨ, ਜਿਸ ਵਿੱਚ ਵਪਾਰ, ਨਿਵੇਸ਼ ਅਤੇ ਹੋਰ ਖੇਤਰ ਸ਼ਾਮਲ ਹਨ, 'ਤੇ ਕੇਂਦ੍ਰਿਤ ਸੀ।" ਸੈਦੋਵ ਨੇ ਗੱਲਬਾਤ ਨੂੰ ਸਾਰਥਕ ਦੱਸਿਆ ਅਤੇ ਕਿਹਾ ਕਿ ਦੋਵੇਂ ਧਿਰਾਂ ਆਪਣੇ ਵਿਦੇਸ਼ ਮੰਤਰਾਲਿਆਂ ਵਿਚਕਾਰ ਨਿਯਮਤ ਅਤੇ ਵਿਸ਼ਵਾਸ-ਅਧਾਰਤ ਗੱਲਬਾਤ ਜਾਰੀ ਰੱਖਣ 'ਤੇ ਸਹਿਮਤ ਹੋਈਆਂ। ਭਾਰਤ ਅਤੇ ਉਜ਼ਬੇਕਿਸਤਾਨ ਨੇ ਆਪਣੇ ਰਣਨੀਤਕ ਭਾਈਵਾਲੀ ਢਾਂਚੇ ਦੇ ਤਹਿਤ ਨਜ਼ਦੀਕੀ ਕੂਟਨੀਤਕ ਸ਼ਮੂਲੀਅਤ ਬਣਾਈ ਰੱਖੀ ਹੈ। ਮਈ ਵਿੱਚ, ਦੋਵਾਂ ਦੇਸ਼ਾਂ ਨੇ ਨਵੀਂ ਦਿੱਲੀ ਵਿੱਚ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ ਦਾ 17ਵਾਂ ਦੌਰ ਆਯੋਜਿਤ ਕੀਤਾ, ਜਿੱਥੇ ਅਧਿਕਾਰੀਆਂ ਨੇ ਦੁਵੱਲੇ ਸਹਿਯੋਗ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਆਪਸੀ ਹਿੱਤ ਦੇ ਖੇਤਰੀ ਅਤੇ ਵਿਸ਼ਵਵਿਆਪੀ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।

ਸਲਾਹ-ਮਸ਼ਵਰੇ ਦੌਰਾਨ, ਦੋਵਾਂ ਧਿਰਾਂ ਨੇ ਵਪਾਰ ਅਤੇ ਨਿਵੇਸ਼, ਸੈਰ-ਸਪਾਟਾ, ਡਿਜੀਟਲ ਤਕਨਾਲੋਜੀ, ਨਵੀਨਤਾ, ਊਰਜਾ ਅਤੇ ਸਿੱਖਿਆ ਵਰਗੇ ਖੇਤਰਾਂ ਵਿੱਚ ਸਹਿਯੋਗ ਵਧਾਉਣ 'ਤੇ ਧਿਆਨ ਕੇਂਦਰਿਤ ਕੀਤਾ। ਦੋਵਾਂ ਦੇਸ਼ਾਂ ਨੇ ਅੰਤਰਰਾਸ਼ਟਰੀ ਫੋਰਮਾਂ ਵਿੱਚ ਤਾਲਮੇਲ ਨੂੰ ਮਜ਼ਬੂਤ ਕਰਨ ਅਤੇ ਭਵਿੱਖ ਵਿੱਚ ਉੱਚ-ਪੱਧਰੀ ਰੁਝੇਵਿਆਂ ਨੂੰ ਅੱਗੇ ਵਧਾਉਣ 'ਤੇ ਵੀ ਚਰਚਾ ਕੀਤੀ। ਸੈਦੋਵ ਦੀ ਫੇਰੀ ਤੋਂ ਭਾਰਤ-ਉਜ਼ਬੇਕਿਸਤਾਨ ਸਬੰਧਾਂ ਨੂੰ ਨਵੀਂ ਗਤੀ ਪ੍ਰਦਾਨ ਕਰਨ ਦੀ ਉਮੀਦ ਹੈ, ਖਾਸ ਕਰਕੇ ਆਰਥਿਕ ਭਾਈਵਾਲੀ ਨੂੰ ਵਧਾਉਣ ਅਤੇ ਮੱਧ ਏਸ਼ੀਆ ਵਿੱਚ ਦੋਵਾਂ ਰਣਨੀਤਕ ਭਾਈਵਾਲਾਂ ਵਿਚਕਾਰ ਸਹਿਯੋਗ ਦੇ ਨਵੇਂ ਖੇਤਰਾਂ ਦੀ ਖੋਜ ਕਰਨ ਵਿੱਚ।

# ਈ-20 'ਤੇ ਕੇਜਰੀਵਾਲ ਦਾ ਵੱਡਾ ਐਲਾਨ
## ਅੱਜ 100 ਲੋਕਾਂ ਨਾਲ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਜਾਣਗੇ



ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਮੰਗਲਵਾਰ ਦੁਪਹਿਰ ਨੂੰ ਆਪਣੇ ਸਮਰਥਕਾਂ ਨਾਲ ਪ੍ਰਧਾਨ ਮੰਤਰੀ ਦੀ ਰਿਹਾਇਸ਼ ਵੱਲ ਮਾਰਚ ਕਰਨਗੇ। ਕੇਜਰੀਵਾਲ ਅਤੇ ਉਨ੍ਹਾਂ ਦੇ ਸਮਰਥਕ ਈ-20 ਪੈਟਰੋਲ ਵਿਰੁੱਧ ਵਿਰੋਧ ਕਰਨ ਲਈ 100 ਲੋਕਾਂ ਨਾਲ ਦੁਪਹਿਰ 12 ਵਜੇ ਪਾਰਟੀ ਹੈੱਡਕੁਆਰਟਰ ਤੋਂ ਨਿਕਲਣਗੇ ਅਤੇ ਪ੍ਰਧਾਨ ਮੰਤਰੀ ਨੂੰ 2.33 ਲੱਖ ਲੋਕਾਂ ਦੇ ਦਸਤਖਤ ਵਾਲੀ ਪਟੀਸ਼ਨ ਸੌਂਪਣਗੇ। ਹਾਲਾਂਕਿ, ਮਾਰਚ ਲਈ ਅਜੇ ਤੱਕ ਦਿੱਲੀ ਪੁਲਿਸ ਤੋਂ ਇਜਾਜ਼ਤ ਨਹੀਂ ਮਿਲੀ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਨਤਾ 'ਤੇ ਜ਼ਬਰਦਸਤੀ ਈ-20 ਪੈਟਰੋਲ ਥੋਪ ਰਹੀ ਹੈ ਅਤੇ ਸਵਾਲਾਂ ਦੇ ਜਵਾਬ ਨਹੀਂ ਦੇ ਰਹੀ ਹੈ। ਲੋਕਾਂ ਦੇ ਵਾਹਨ ਖਰਾਬ ਹੋ ਰਹੇ ਹਨ, ਉਨ੍ਹਾਂ ਦੀ ਮਾਈਲੇਜ ਘੱਟ ਰਹੀ ਹੈ। ਅਜਿਹੇ 'ਚ ਇਹ ਸਵਾਲ ਉਠਦਾ ਹੈ ਕਿ ਕੀ ਮੋਦੀ ਸਰਕਾਰ ਦਬਾਅ ਹੇਠ ਕੰਮ ਕਰ ਰਹੀ ਹੈ।

ਉਨ੍ਹਾਂ ਦੋਸ਼ ਲਾਇਆ ਕਿ ਈ-20 ਪੈਟਰੋਲ ਨੂੰ ਅਮਰੀਕਾ ਦੇ ਦਬਾਅ ਹੇਠ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਈਥਾਨੌਲ ਦਾ ਇੱਕ ਵੱਡਾ ਉਤਪਾਦਕ ਹੈ ਅਤੇ ਕੇਂਦਰ ਸਰਕਾਰ ਨੇ ਅਮਰੀਕਾ ਨਾਲ ਕੀਤੇ ਗਏ ਵਪਾਰ ਸਮਝੌਤੇ ਦੇ ਤਹਿਤ, ਉਹ ਅਗਲੇ ਪੰਜ ਸਾਲਾਂ ਵਿੱਚ ਭਾਰਤ ਨੂੰ ਵੱਡੇ ਪੱਧਰ 'ਤੇ ਈਥਾਨੌਲ ਸਪਲਾਈ ਕਰਨਾ ਚਾਹੁੰਦੀ ਹੈ।

# ਮਿਸਰ ਵਿੱਚ ਆਇਆ 5.5 ਤੀਬਰਤਾ ਦਾ ਭੂਚਾਲ

ਮਿਸਰ
ਸਾਂਝੀ ਸੋਚ ਬਿਊਰੋ



ਮਿਸਰ ਦੇ ਨੈਸ਼ਨਲ ਰਿਸਰਚ ਇੰਸਟੀਚਿਊਟ ਆਫ਼ ਐਸਟ੍ਰੋਨੋਮੀ ਐਂਡ ਜੀਓਫਿਜ਼ਿਕਸ ਨੇ ਕਿਹਾ ਕਿ ਸੋਮਵਾਰ ਤੜਕੇ ਸ਼ਰਮ ਅਲ-ਸ਼ੇਖ ਦੇ ਉੱਤਰ-ਪੂਰਬ ਵਿੱਚ 5.5 ਤੀਬਰਤਾ ਦਾ ਭੂਚਾਲ ਆਇਆ। ਸੰਸਥਾ ਦੇ ਅਨੁਸਾਰ, ਭੂਚਾਲ ਸਥਾਨਕ ਸਮੇਂ ਅਨੁਸਾਰ ਸਵੇਰੇ 3:00 ਵਜੇ (0000 ਜੀਐਮਟੀ) 10 ਕਿਲੋਮੀਟਰ ਦੀ ਡੂੰਘਾਈ 'ਤੇ ਆਇਆ, ਜਿਸਦਾ ਕੇਂਦਰ 30.19 ਡਿਗਰੀ ਉੱਤਰੀ ਅਕਸ਼ਾਂਸ਼ ਅਤੇ 32.61 ਡਿਗਰੀ ਪੂਰਬੀ ਦੇਸ਼ਾਂਤਰ 'ਤੇ ਸਥਿਤ ਸੀ। ਸੰਸਥਾ ਨੇ ਕਿਹਾ ਕਿ ਉਸਨੂੰ ਰਿਪੋਰਟਾਂ ਮਿਲੀਆਂ ਹਨ ਕਿ ਭੂਚਾਲ ਨਿਵਾਸੀਆਂ ਦੁਆਰਾ "ਬਿਨਾਂ ਕਿਸੇ ਜਾਨੀ ਜਾਂ ਮਾਲੀ ਨੁਕਸਾਨ ਦੇ" ਮਹਿਸੂਸ ਕੀਤਾ ਗਿਆ। ਸਥਾਨਕ ਮੀਡੀਆ ਅਨੁਸਾਰ ਮਿਸਰ ਦੀ ਰਾਜਧਾਨੀ ਕਾਇਰੋ ਵਿੱਚ ਵੀ ਝਟਕੇ ਮਹਿਸੂਸ ਕੀਤੇ ਗਏ। ਭੂਚਾਲ ਤੋਂ ਬਾਅਦ, ਮਿਸਰ ਦੇ ਸਿਹਤ ਅਤੇ ਆਬਾਦੀ ਮੰਤਰੀ ਖਾਲਿਦ ਅਬਦੇਲ-ਗੱਫਰ ਨੇ ਦੇਸ਼ ਦੀ ਸਿਹਤ ਐਮਰਜੈਂਸੀ ਯੋਜਨਾ ਨੂੰ ਤੁਰੰਤ ਸਰਗਰਮ ਕਰਨ ਅਤੇ ਮੰਤਰਾਲੇ ਦੇ ਕੇਂਦਰੀ ਸੰਕਟ ਅਤੇ ਐਮਰਜੈਂਸੀ ਓਪਰੇਸ਼ਨ ਰੂਮ ਨੂੰ ਬੁਲਾਉਣ ਦੇ ਆਦੇਸ਼ ਦਿੱਤੇ। ਮੰਤਰਾਲੇ ਨੇ ਦੇਸ਼ ਭਰ ਦੇ ਹਸਪਤਾਲਾਂ ਵਿੱਚ ਐਮਰਜੈਂਸੀ ਅਤੇ ਨਾਜ਼ੁਕ-ਸੰਭਾਲ ਵਿਭਾਗਾਂ ਵਿੱਚ ਚੇਤਾਵਨੀ ਪੱਧਰ ਨੂੰ ਉੱਚਤਮ ਪੱਧਰ 'ਤੇ ਵਧਾ ਦਿੱਤਾ ਹੈ ਅਤੇ ਐਂਬੂਲੈਂਸਾਂ ਅਤੇ ਤੇਜ਼-ਪ੍ਰਤੀਕਿਰਿਆ ਟੀਮਾਂ ਦੀ ਤਿਆਰੀ ਦੀ ਪੁਸ਼ਟੀ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸਿਹਤ ਸਥਿਤੀ ਸਥਿਰ ਰਹੀ ਹੈ, ਅਤੇ ਭੂਚਾਲ ਨਾਲ ਸਬੰਧਤ ਕੋਈ ਵੀ ਸੱਟਾਂ ਦੀ ਰਿਪੋਰਟ ਨਹੀਂ ਮਿਲੀ ਹੈ। ਇਸ ਦੌਰਾਨ, ਮਿਸਰੀ ਰੈੱਡ ਕ੍ਰੀਸੈਂਟ ਨੇ ਉਨ੍ਹਾਂ ਸ਼ਹਿਰਾਂ ਵਿੱਚ ਐਮਰਜੈਂਸੀ ਯੋਜਨਾਵਾਂ ਨੂੰ ਸਰਗਰਮ ਕੀਤਾ ਜਿੱਥੇ ਭੂਚਾਲ ਮਹਿਸੂਸ ਕੀਤਾ ਗਿਆ ਸੀ ਅਤੇ ਕਿਹਾ ਕਿ ਇਸਨੂੰ ਜਾਨੀ ਜਾਂ ਜਾਇਦਾਦ ਦੇ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਮਿਲੀ ਹੈ। ਮਿਸਰ ਸੁਏਜ਼ ਦੀ ਖਾੜੀ, ਲਾਲ ਸਾਗਰ ਅਤੇ ਅਕਾਬਾ ਦੀ ਖਾੜੀ ਦੇ ਆਲੇ ਦੁਆਲੇ ਸਰਗਰਮ ਟੈਕਟੋਨਿਕ ਜ਼ੋਨਾਂ ਦੇ ਨੇੜੇ ਸਥਿਤ ਹੈ, ਜਿਸ ਨਾਲ ਦੇਸ਼ ਕਦੇ-ਕਦਾਈਂ ਦਰਮਿਆਨੇ ਭੂਚਾਲਾਂ ਲਈ ਸੰਵੇਦਨਸ਼ੀਲ ਹੋ ਜਾਂਦਾ ਹੈ, ਹਾਲਾਂਕਿ ਜ਼ਿਆਦਾਤਰ ਦੇ ਨਤੀਜੇ ਵਜੋਂ ਬਹੁਤ ਘੱਟ ਜਾਂ ਕੋਈ ਨੁਕਸਾਨ ਨਹੀਂ ਹੁੰਦਾ। ਮੈਡੀਟੇਰੀਅਨ ਸਾਗਰ ਵਿੱਚ ਸਥਿਤ, ਜਿੱਥੇ ਅਫਰੀਕੀ ਪਲੇਟ ਯੂਰੇਸ਼ੀਅਨ ਪਲੇਟ ਦੇ ਹੇਠਾਂ ਖਿਸਕਦੀ ਹੈ, ਜਿਸ ਕਾਰਨ ਉੱਤਰੀ ਮਿਸਰ ਵਿੱਚ ਦਰਮਿਆਨੀ ਤੋਂ ਤੇਜ਼ ਭੂਚਾਲ ਦੀ ਗਤੀਵਿਧੀ ਮਹਿਸੂਸ ਕੀਤੀ ਜਾਂਦੀ ਹੈ।



WE HAVE THE CHEAPEST FARES TO INDIA

# LEGEND TRAVEL




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।


CALL US

(510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA




# ਗੁਰਦੁਆਰਾ ਸਾਹਿਬ San Jose
## ਕੈਲੀਫੋਰਨੀਆ (USA)

## ਅਗਸਤ 2026 ਦੇ ਵਿਸ਼ੇਸ਼ ਧਾਰਮਿਕ ਸਮਾਗਮ

**2 ਅਗਸਤ 2026 (ਐਤਵਾਰ)**
ਸਵੇਰੇ 11:30 AM – 12:30 PM
ਹਜ਼ੂਰੀ ਰਾਗੀ ਭਾਈ ਭੁਪਿੰਦਰ ਸਿੰਘ ਜੀ (ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)
ਵੱਲੋਂ ਵਿਸ਼ੇਸ਼ ਗੁਰਬਾਣੀ ਕੀਰਤਨ

**7 ਅਗਸਤ 2026**
ਧੰਨ-ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਪੁਰਬ
ਸਵੇਰ ਦੇ ਦੀਵਾਨ : 10:40 AM ਤੱਕ ਸ਼ਾਮ ਦੇ ਦੀਵਾਨ : 8:45 PM ਤੱਕ
**ਕੀਰਤਨ • ਕਥਾ • ਗੁਰਮਤਿ ਵੀਚਾਰ**

**22 ਅਗਸਤ 2026 (ਸ਼ਨੀਵਾਰ)**
7ਵੀਂ ਸਾਲਾਨਾ Sikh Heritage NightPayPal Park, San Jose
ਸਮਾਂ: 7:30 PM
San Jose Earthquakes vs Minnesota United FC
ਟਿਕਟ: $42 (ਫ੍ਰੀ ਬੈਗ ਸਮੇਤ)

**ਵਿਸ਼ਾਲ ਗੁਰਮਤਿ ਸਮਾਗਮ**
ਹਜ਼ੂਰੀ: ਭਾਈ ਰਣਜੀਤ ਸਿੰਘ ਜੀ ਖਾਲਸਾ (ਢੱਡਰੀਆਂ ਵਾਲੇ)
ਮਿਤੀਆਂ ਤੇ ਸਮਾਂ:-
7 & 8 ਅਗਸਤ 2026 ਸ਼ਾਮ 6:00 PM – 9:00 PM
9 ਅਗਸਤ 2026 ਸਵੇਰੇ 11:00 AM – 2:00 PM













**Address : 3636 Gurdwara Ave, San Jose, CA, 95148**
www.sanjosegurdwara.com

ਵਧੇਰੇ ਜਾਣਕਾਰੀ / ਟਿਕਟਾਂ ਲਈ ਸੰਪਰਕ ਕਰੋ Gurdwara Sahib: (408) 274-9373 ਜਸਵਿੰਦਰ ਸਿੰਘ ਜਿੰਜਰ ਜੀ: (408) 772-4211

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899        (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਸਮਾਧ ਭਾਈ ਦੀ ਸੰਗਤ ਨੇ ਧੰਨ-ਧੰਨ ਬਾਬਾ ਭਾਈ ਰੂਪ ਚੰਦ ਜੀ ਦੀ ਬਰਸੀ ਫਰਿਜ਼ਨੋ ਵਿਖੇ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ

ਫਰਿਜ਼ਨੋ
ਕੁਲਵੰਤ ਧਾਲੀਆਂ,ਨੀਟਾ ਮਾਛੀਕੇ

ਪਿੰਡ ਸਮਾਧ ਭਾਈ (ਜ਼ਿਲ੍ਹਾ ਮੋਗਾ) ਦੀ ਸਮੂੰਹ ਸੰਗਤ ਵੱਲੋਂ ਨਿਊ ਇੰਡੀਆ ਸਵੀਟ ਐਂਡ ਸਪਾਈਸ ਦੇ ਜਸਵਿੰਦਰ ਸਿੰਘ, ਡਾ. ਮਲਕੀਤ ਸਿੰਘ ਕਿੰਗਰਾ, ਸੁਖਦੇਵ ਸਿੰਘ (ਸ਼ਾਨੇ ਪੰਜਾਬ) ਅਤੇ ਹੋਰ ਸੇਵਾਦਾਰਾਂ ਦੇ ਸਹਿਯੋਗ ਨਾਲ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਵਰੋਸਾਏ ਧੰਨ-ਧੰਨ ਬਾਬਾ ਭਾਈ ਰੂਪ ਚੰਦ ਜੀ ਦੀ ਬਰਸੀ ਗੁਰਦੁਆਰਾ ਨਾਨਕਸਰ, ਕਰਨੀਲੀਆ ਐਵੇਨਿਊ, ਫਰਿਜ਼ਨੋ ਵਿਖੇ ਬੜੀ ਸ਼ਰਧਾ, ਉਤਸ਼ਾਹ ਅਤੇ ਧੂਮਧਾਮ ਨਾਲ ਮਨਾਈ ਗਈ।

ਸਮਾਗਮ ਦੀ ਸ਼ੁਰੂਆਤ 31 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਪ੍ਰਕਾਸ਼ ਨਾਲ ਹੋਈ, ਜਦਕਿ 2 ਅਗਸਤ 2026, ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦਰਬਾਰ ਅਤੇ ਗੁਰਮਤਿ ਸਮਾਗਮ ਸਜਾਇਆ ਗਿਆ। ਸੰਗਤ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਇਸ ਮੌਕੇ ਡਾ. ਮਲਕੀਤ ਸਿੰਘ ਕਿੰਗਰਾ ਨੇ ਸਮੂੰਹ ਸੰਗਤ ਨੂੰ ਸਮਾਗਮ ਦੀ ਵਧਾਈ ਦਿੰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਅਜਿਹੇ ਧਾਰਮਿਕ ਅਤੇ ਇਤਿਹਾਸਕ ਸਮਾਗਮ ਨਵੀਂ ਪੀੜ੍ਹੀ ਨੂੰ ਗੁਰਮਤਿ, ਸਿੱਖ ਇਤਿਹਾਸ ਅਤੇ ਆਪਣੇ ਪਿੰਡ ਦੀਆਂ ਮਹਾਨ ਪਰੰਪਰਾਵਾਂ ਨਾਲ ਜੋੜਨ ਦਾ ਮਹੱਤਵਪੂਰਨ ਸਾਧਨ ਹਨ। ਉਨ੍ਹਾਂ ਕਿਹਾ ਕਿ ਭਾਈ ਰੂਪ ਚੰਦ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਲੈ ਕੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਖ਼ਾਲਸਾ ਪੰਥ ਦੀ ਨਿਸ਼ਕਾਮ ਸੇਵਾ ਕਰਕੇ ਸਿੱਖ ਇਤਿਹਾਸ ਵਿੱਚ ਅਮਿੱਟ ਯੋਗਦਾਨ ਪਾਇਆ।



ਇਸ ਸਮੇਂ ਢਾਡੀ ਸੰਦੀਪ ਸਿੰਘ ਲੁਹਾਰਾ ਨੇ ਗੁਰੂ ਜਸ ਸਰਵਣ ਕਰਵਾਉਂਦਿਆਂ ਭਾਈ ਰੂਪ ਚੰਦ ਜੀ ਦੇ ਜੀਵਨ ਅਤੇ ਸੇਵਾਵਾਂ 'ਤੇ ਚਾਨਣਾ ਪਾਇਆ।

ਉਹਨਾਂ ਦੇ ਜੱਥੇ ਨੇ ਲਗਾਤਾਰ ਸ਼ਨੀਵਾਰ ਤੇ ਐਤਵਾਰ ਦੇ ਦੀਵਾਨਾਂ ਵਿੱਚ ਹਾਜ਼ਰੀ ਭਰੀ। ਉਨ੍ਹਾਂ ਨੇ ਗੁਰੂ ਇਤਿਹਾਸ ਨੂੰ ਢਾਡੀ ਵਾਰਾਂ ਰਾਹੀਂ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਸੰਗਤ ਦੇ ਰੂਬਰੂ ਕੀਤਾ। ਇਸ ਦੌਰਾਨ ਉਨ੍ਹਾਂ ਦੇ ਪੁੱਤਰ ਅੰਗਦ ਸਿੰਘ ਨੇ ਵੀ ਢਾਡੀ ਵਾਰਾਂ ਪੇਸ਼ ਕਰਕੇ ਸੰਗਤ ਨੂੰ ਨਿਹਾਲ ਕੀਤਾ।

ਅਰਦਾਸ ਉਪਰੰਤ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।

ਇਸ ਮੌਕੇ ਧੰਨ-ਧੰਨ ਬਾਬਾ ਭਾਈ ਰੂਪ ਚੰਦ ਜੀ ਦੇ ਜੀਵਨ ਅਤੇ ਸੇਵਾਵਾਂ ਨੂੰ ਸਮਰਪਿਤ ਇੱਕ ਯਾਦਗਾਰੀ ਸੋਵੀਨੀਅਰ ਵੀ ਜਾਰੀ ਕੀਤਾ ਗਿਆ।

ਸਮਾਗਮ ਦੇ ਅੰਤ ਵਿੱਚ ਢਾਡੀ ਸੰਦੀਪ ਸਿੰਘ ਲੁਹਾਰਾ ਅਤੇ ਉਨ੍ਹਾਂ ਦੇ ਜਥੇ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਇਸ ਸਮਾਗਮ ਦੀ ਸਫ਼ਲਤਾ ਵਿੱਚ ਅੰਗਰੇਜ਼ ਸਿੰਘ ਸੰਧੂ (ਸਰਪੰਚ) , ਬਲਵੀਰ ਸਿੰਘ ਭਿੰਡਰ, ਬਚਿੱਤਰ ਸਿੰਘ ਬੰਮਰਾ, ਜਸਵੀਰ ਸਿੰਘ, ਗੁਰਦੀਪ ਸਿੰਘ (ਪਾਲਕਾ ਬਾਜ਼ਾਰ), ਗੁਰਦੇਵ ਸਿੰਘ ਅਨੰਦਵਾਲ, ਸੁੱਖਾ ਗਿੱਲ (ਲੰਢੇ ਕੇ) , ਰਾਜਦੀਪ ਸਮੇਤ ਪਿੰਡ ਸਮਾਧ ਭਾਈ ਅਤੇ ਇਲਾਕਾ ਨਿਵਾਸੀ ਬੀਬੀਆਂ, ਨੌਜਵਾਨਾਂ ਅਤੇ ਸਮੂਹ ਸੰਗਤ ਨੇ ਲੰਗਰ ਸੇਵਾ ਅਤੇ ਹੋਰ ਪ੍ਰਬੰਧਾਂ ਵਿੱਚ ਭਰਪੂਰ ਯੋਗਦਾਨ ਪਾਇਆ। ਗੁਰਦੁਆਰਾ ਨਾਨਕਸਰ ਦੇ ਸੇਵਾਦਾਰਾਂ ਅਤੇ ਪ੍ਰਬੰਧਕ ਕਮੇਟੀ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਇਸ ਤੋਂ ਇਲਾਵਾ ਅਮਰੀਕਾ ਦੇ ਵੱਖ-ਵੱਖ ਸੂਬਿਆਂ ਵਿੱਚ ਵੱਸਦੇ ਸਮਾਧ ਭਾਈ ਅਤੇ ਇਲਾਕਾ ਨਿਵਾਸੀਆਂ ਨੇ ਵੀ ਆਰਥਿਕ ਸਹਿਯੋਗ ਦੇ ਕੇ ਇਸ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਦੇਸ਼ ਪੰਜਾਬ ਰੇਡੀਓ ਵੱਲੋਂ ਕੀਤੇ ਗਏ ਲਾਈਵ ਪ੍ਰਸਾਰਣ ਰਾਹੀਂ ਸਮਾਗਮ ਦਾ ਆਨੰਦ ਮਾਣਿਆ। ਸਮਾਗਮ ਦੀ ਮੀਡੀਆ ਕਵਰੇਜ ਕੁਲਵੰਤ ਉੱਭੀ ਧਾਲੀਆਂ, ਪੱਤਰਕਾਰ ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ" ਅਤੇ ਗੁਰਦੀਪ ਸ਼ੇਰਗਿੱਲ ਵੱਲੋਂ ਕੀਤੀ ਗਈ। ਅੰਤ ਅਗਲੇ ਸਾਲ ਇਸੇ ਤਰ੍ਹਾਂ ਸਮਾਗਮ ਕਰਾਉਣ ਦੇ ਵਾਅਦੇ ਨਾਲ ਬਾਬਾ ਜੀ ਨੂੰ ਯਾਦ ਕਰਦੇ ਹੋਏ, ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।

# ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਕੇਂਦਰ ਨਾਲੋਂ ਪਹਿਲਾਂ ਹੀ 70% ਤੱਕ ਵੱਧ ਤਨਖਾਹਾਂ ਮਿਲ ਰਹੀਆਂ ਹਨ

## ਸੂਬੇ ਨੇ ਕਿਹਾ ਕਿ ਉਹ ਕੇਂਦਰੀ ਡੀ.ਏ. ਸਮੇਤ ਕੇਂਦਰੀ ਪੇਅ-ਸਕੇਲ ਲਾਗੂ ਕਰਨ ਲਈ ਤਿਆਰ ਹੈ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਇਤਿਹਾਸਕ ਤੌਰ 'ਤੇ ਕੇਂਦਰ ਸਰਕਾਰ ਦੇ ਆਪਣੇ ਹਮਰੁਤਬਾ ਮੁਲਾਜ਼ਮਾਂ ਨਾਲੋਂ ਕਾਫ਼ੀ ਵੱਧ ਤਨਖਾਹਾਂ ਮਿਲਦੀਆਂ ਰਹੀਆਂ ਹਨ, ਜਿਨ੍ਹਾਂ ਵਿੱਚ ਕਈ ਕੇਡਰਾਂ ਦੇ ਮੁਲਾਜ਼ਮ ਪੰਜਾਬ ਦੇ ਪੇਅ-ਸਟ੍ਰਕਚਰ ਤਹਿਤ 30% ਤੋਂ 70% ਤੱਕ ਵੱਧ ਤਨਖਾਹ ਲੈ ਰਹੇ ਹਨ। ਕੇਂਦਰ ਸਰਕਾਰ ਦੇ 60% ਦੇ ਮੁਕਾਬਲੇ 42% ਦੀ ਦਰ ਨਾਲ ਮਹਿੰਗਾਈ ਭੱਤਾ (ਡੀਏ) ਦੇਣ ਦੇ ਬਾਵਜੂਦ, ਸੂਬੇ ਦੇ ਉੱਚ ਪੇਅ-ਸਕੇਲਾਂ ਕਰਕੇ ਪੰਜਾਬ ਦੇ ਕਈ ਵਰਗਾਂ ਦੇ ਮੁਲਾਜ਼ਮਾਂ ਨੂੰ ਕੁੱਲ ਮਹੀਨਾਵਾਰ ਤਨਖਾਹ ਵੱਧ ਹੀ ਮਿਲ ਰਹੀ ਹੈ।ਪੰਜਾਬ ਸਰਕਾਰ ਨੇ ਲਗਾਤਾਰ ਇਹ ਸਟੈਂਡ ਲਿਆ ਹੈ ਕਿ ਉਹ ਇਹ ਯਕੀਨੀ ਬਣਾਉਣ ਲਈ ਤਿਆਰ ਹੈ ਕਿ ਕਿਸੇ ਵੀ ਮੁਲਾਜ਼ਮ ਨੂੰ ਕੇਂਦਰ ਸਰਕਾਰ ਦੇ ਪੇਅ-ਸਕੇਲ ਅਤੇ ਕੇਂਦਰੀ ਡੀ.ਏ. ਦੀ ਦਰ ਤਹਿਤ ਮਿਲਣ ਵਾਲੀ ਕੁੱਲ ਤਨਖਾਹ ਤੋਂ ਘੱਟ ਰਕਮ ਨਾ ਮਿਲੇ। ਹਾਲਾਂਕਿ, ਸੂਬੇ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੀ ਉੱਚੀ ਡੀ.ਏ. ਦਰ ਨੂੰ ਪੰਜਾਬ ਦੇ ਪਹਿਲਾਂ ਹੀ ਵੱਧ ਪੇਅ-ਸਕੇਲਾਂ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ, ਕਿਉਂਕਿ ਦੋਵਾਂ ਪੇਅ-ਸਟ੍ਰਕਚਰਾਂ ਨੂੰ ਆਪਸ ਵਿੱਚ ਮਿਲਾਇਆ ਨਹੀਂ ਜਾ ਸਕਦਾ। ਸੂਬੇ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਮਹਿੰਗਾਈ ਭੱਤੇ ਦਾ ਨਿਰਧਾਰਨ ਕਰਨਾ ਸੂਬਾ ਸਰਕਾਰ ਦਾ ਇੱਕ ਮੁੱਖ ਨੀਤੀਗਤ ਫੈਸਲਾ ਹੈ।

ਭਾਰਤ ਦੇ ਵੱਡੇ ਰਾਜਾਂ ਵਿੱਚੋਂ ਪੰਜਾਬ 'ਤੇ ਪਹਿਲਾਂ ਹੀ ਤਨਖਾਹਾਂ ਅਤੇ ਪੈਨਸ਼ਨਾਂ ਦਾ ਸਭ ਤੋਂ ਵੱਧ ਬੋਝ ਹੈ। ਸੂਬਾ ਸਰਕਾਰ ਅਨੁਸਾਰ, ਇਸ ਫੈਸਲੇ ਨੂੰ ਲਾਗੂ ਕਰਨ ਨਾਲ ਇਹ ਬੋਝ ਹੋਰ ਵਧਣ ਦੀ ਉਮੀਦ ਹੈ, ਜਿਸ ਨਾਲ ਪੂੰਜੀਗਤ ਅਤੇ ਵਿਕਾਸ ਕਾਰਜਾਂ ਦੇ ਖਰਚਿਆਂ ਲਈ ਵਿੱਤੀ ਗੁੰਜਾਇਸ਼ ਘਟ ਜਾਵੇਗੀ।

| Post | Punjab Total Salary (Rs./month) | GOI Total Salary (Rs./month) | Difference (+/-) |
|---|---|---|---|
| Clerk | 54,812 | 36,960 | +17,852 |
| Driver | 40,612 | 36,960 | +3,652 |
| Stenographer | 56,374 | 47,360 | +9,014 |
| ETT Teacher | 67,592 | 65,760 | +1,832 |
| Constable | 54,812 | 36,960 | +17,852 |

ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਦੇ ਆਪਣੇ ਹਮਰੁਤਬਾ ਮੁਲਾਜ਼ਮਾਂ ਨਾਲੋਂ ਪਹਿਲਾਂ ਹੀ ਵੱਧ ਤਨਖਾਹਾਂ ਮਿਲ ਰਹੀਆਂ ਹਨ

* ਕਲਰਕ: ਪੰਜਾਬ 54,812 ਰੁਪਏ, ਕੇਂਦਰ 36,960 ਰੁਪਏ, ਪੰਜਾਬ ਵੱਧ 17,852
* ਡਰਾਈਵਰ: ਪੰਜਾਬ 40,612, ਕੇਂਦਰ 36,960 ਰੁਪਏ, ਪੰਜਾਬ ਵੱਧ 3,652
* ਸਟੈਨੋਗ੍ਰਾਫਰ: ਪੰਜਾਬ 56,374 ਰੁਪਏ ਕੇਂਦਰ 47,360 ਰੁਪਏ, ਪੰਜਾਬ ਵੱਧ 9,014
* ਈਟੀਟੀ ਅਧਿਆਪਕ: ਪੰਜਾਬ 67,592 ਰੁਪਏ ਕੇਂਦਰ 65,760 ਰੁਪਏ ਪੰਜਾਬ ਵੱਧ 1,832
* ਕਾਂਸਟੇਬਲ: ਪੰਜਾਬ 54,812 ਰੁਪਏ ਕੇਂਦਰ 36,960, ਪੰਜਾਬ ਵੱਧ 17,852

# ਕੈਬਨਿਟ ਮੰਤਰੀ ਲਾਲਚੰਦ ਕਟਾਰੂਚੱਕ ਨੇ ਕੈਨੇਡਾ ਵਿੱਚ ਭਾਰਤੀ ਵਿਦਿਆਰਥੀਆਂ ਦੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਸੰਕਟ 'ਤੇ ਜਤਾਈ ਚਿੰਤਾ, ਕੇਂਦਰ ਸਰਕਾਰ ਨੂੰ ਤੁਰੰਤ ਦਖਲ ਦੇਣ ਦੀ ਕੀਤੀ ਮੰਗ

ਲਖਨਊ
ਸਾਂਝੀ ਸੋਚ ਬਿਊਰੋ

ਕੈਨੇਡਾ ਵਿੱਚ ਭਾਰਤੀ ਵਿਦਿਆਰਥੀਆਂ, ਵਿਸ਼ੇਸ਼ ਤੌਰ 'ਤੇ ਪੰਜਾਬੀ ਵਿਦਿਆਰਥੀਆਂ ਦੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਸੰਕਟ 'ਤੇ ਕੈਬਨਿਟ ਮੰਤਰੀ ਲਾਲਚੰਦ ਕਟਾਰੂਚੱਕ ਨੇ ਕੇਂਦਰ ਸਰਕਾਰ ਤੋਂ ਤੁਰੰਤ ਦਖਲ ਦੇਣ ਦੀ ਮੰਗ ਕੀਤੀ ਹੈ। ਉਹਨਾਂ ਨੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਉਹ ਕੈਨੇਡਾ ਸਰਕਾਰ ਨਾਲ ਰਾਜਦੂਤਕ ਪੱਧਰ 'ਤੇ ਗੱਲਬਾਤ ਕਰਕੇ ਪ੍ਰਭਾਵਿਤ ਭਾਰਤੀ ਵਿਦਿਆਰਥੀਆਂ ਨੂੰ ਡਿਪੋਰਟ ਹੋਣ ਤੋਂ ਬਚਾਏ।ਮੰਤਰੀ ਨੇ ਕਿਹਾ ਕਿ ਬ੍ਰੈਂਪਟਨ ਦੇ ਪੋਟਾਸ ਕਾਲਜ ਵਿੱਚ ਸਾਲ 2024 ਵਿੱਚ ਦਾਖਲ ਹੋਏ ਵਿਦਿਆਰਥੀਆਂ ਨੇ ਆਪਣੀ 2 ਸਾਲ ਦੀ ਪੋਸਟ-ਗ੍ਰੈਜੂਏਸ਼ਨ ਪੂਰੀ ਕਰ ਲਈ ਹੈ। ਪਰ, ਕੈਨੇਡਾ ਵਿੱਚ ਸਰਕਾਰ ਬਦਲਣ ਤੋਂ ਬਾਅਦ ਉੱਥੋਂ ਦੇ ਪ੍ਰਸ਼ਾਸਨ ਨੇ ਮਨਮਾਨੇ ਢੰਗ ਨਾਲ ਨਿਯਮਾਂ ਵਿੱਚ ਬਦਲਾਅ ਕਰਕੇ ਵਿਦਿਆਰਥੀਆਂ ਦਾ ਵਰਕ ਪਰਮਿਟ ਰੋਕ ਦਿੱਤਾ ਹੈ। ਇਹ ਸਿੱਧੀ-ਸਾਦੀ ਧੋਖਾਧੜੀ ਹੈ।ਉਹਨਾਂ ਕਿਹਾ ਕਿ ਭਾਰੀ-ਭਰਕਮ ਫੀਸਾਂ ਭਰਨ ਅਤੇ ਸਾਰੀਆਂ ਕਾਨੂੰਨੀ ਪ੍ਰਕਿਰਿਆਵਾਂ ਦੀ ਪਾਲਣਾ ਕਰਨ ਤੋਂ ਬਾਅਦ ਵੀ ਅੱਜ ਸਾਡੇ ਹੋਣਹਾਰ ਬੱਚੇ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਧੀਆਂ ਵੀ ਸ਼ਾਮਲ ਹਨ, ਭਾਰੀ ਬਾਰਿਸ਼ ਦੇ ਵਿਚਕਾਰ ਸੜਕਾਂ 'ਤੇ ਤੰਬੂ (ਟੈਂਟ) ਲਗਾ ਕੇ ਪ੍ਰਦਰਸ਼ਨ ਕਰਨ ਲਈ ਮਜ਼ਬੂਰ ਹਨ।ਮੰਤਰੀ ਨੇ ਇਸ ਮਾਮਲੇ ਨੂੰ ਲੈ ਕੇ ਕੇਂਦਰ ਸਰਕਾਰ ਦੇ ਵਿਦੇਸ਼ ਮੰਤਰਾਲੇ 'ਤੇ ਵੀ ਢਿੱਲੇ ਰਵੱਈਏ ਅਪਣਾਉਣ ਦਾ ਦੋਸ਼ ਲਗਾਇਆ।

ਉਹਨਾਂ ਕਿਹਾ ਕਿ ਜਦੋਂ ਦੇਸ਼ ਦੇ ਬੱਚੇ ਵਿਦੇਸ਼ਾਂ ਵਿੱਚ ਸੜਕਾਂ 'ਤੇ ਰੋ ਰਹੇ ਹੋਣ, ਉਦੋਂ ਭਾਰਤ ਸਰਕਾਰ ਹੱਥ 'ਤੇ ਹੱਥ ਧਰ ਕੇ ਨਹੀਂ ਬੈਠ ਸਕਦੀ। ਇਹ ਕੇਵਲ ਕੁਝ ਵਿਦਿਆਰਥੀਆਂ ਦਾ ਮੁੱਦਾ ਨਹੀਂ ਹੈ, ਸਗੋਂ ਦੇਸ਼ ਦੇ ਆਤਮ-ਸਨਮਾਨ ਅਤੇ ਸਾਡੇ ਨੌਜਵਾਨਾਂ ਦੇ ਭਵਿੱਖ ਦਾ ਸਵਾਲ ਹੈ। ਕੇਂਦਰ ਸਰਕਾਰ ਨੂੰ ਤੁਰੰਤ ਇਸ ਬੇਹੱਦ ਸੰਵੇਦਨਸ਼ੀਲ ਮੁੱਦੇ 'ਤੇ ਕੈਨੇਡੀਅਨ ਸਰਕਾਰ ਨਾਲ ਸਖ਼ਤ ਰਾਜਦੂਤਕ ਵਿਰੋਧ ਦਰਜ ਕਰਵਾਉਣਾ ਚਾਹੀਦਾ ਹੈ ਅਤੇ ਵਰਕ ਪਰਮਿਟ ਦੀ ਬਹਾਲੀ ਯਕੀਨੀ ਬਣਾਉਣੀ ਚਾਹੀਦੀ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਪਠਾਨਕੋਟ, ਗੁਰਦਾਸਪੁਰ ਸਮੇਤ ਪੂਰੇ ਪੰਜਾਬ ਦੇ ਪਰਿਵਾਰਾਂ ਵਿੱਚ ਆਪਣੇ ਬੱਚਿਆਂ ਦੀ ਇਹ ਦੁਰਦਸ਼ਾ ਦੇਖ ਕੇ ਭਾਰੀ ਚਿੰਤਾ ਅਤੇ ਰੋਸ ਫੈਲਿਆ




ਹੋਇਆ ਹੈ। ਪੰਜਾਬ ਸਰਕਾਰ ਆਪਣੇ ਪੱਧਰ 'ਤੇ ਇਸ ਮਾਮਲੇ ਨੂੰ ਲਗਾਤਾਰ ਅੱਗੇ ਵਧਾ ਰਹੀ ਹੈ ਅਤੇ ਹਰ ਸੰਭਵ ਕਦਮ ਚੁੱਕ ਰਹੀ ਹੈ। ਪਰ ਅੰਤਰਰਾਸ਼ਟਰੀ ਗੱਲਬਾਤ ਦਾ ਅਧਿਕਾਰ ਕੇਂਦਰ ਸਰਕਾਰ ਕੋਲ ਹੈ, ਇਸ ਲਈ ਮੋਦੀ ਸਰਕਾਰ ਨੂੰ ਤੁਰੰਤ ਨੀਂਦ ਤੋਂ ਜਾਗ ਕੇ ਕੈਨੇਡੀਅਨ ਹਕੂਮਤ ਨਾਲ ਸੰਪਰਕ ਸਾਧਣਾ ਚਾਹੀਦਾ ਹੈ।


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਕਾਨੂੰਨ ਪ੍ਰਬੰਧ, ਚੁੱਪ ਅਤੇ ਉੱਠਦੇ ਸਵਾਲ



ਗੁਰਮੀਤ ਸਿੰਘ ਪਲਾਹੀ
98158-02070

ਇਤਿਹਾਸ ਗਵਾਹ ਹੈ ਕਿ ਸਿਫ਼ਾਰਸ਼ੀ ਕਮੇਟੀਆਂ ਬਣਦੀਆਂ ਹਨ, ਰਿਪੋਰਟਾਂ ਆਉਂਦੀਆਂ ਹਨ, ਪਰ ਫਿਰ ਵੀ ਪ੍ਰਬੰਧ ਉੱਥੇ ਦਾ ਉੱਥੇ ਹੀ ਖੜ੍ਹਾ ਰਹਿੰਦਾ ਹੈ। ਸਾਲ-ਦਰ-ਸਾਲ ਪ੍ਰੀਖਿਆਵਾਂ ਦੇ ਪਰਚੇ ਲੀਕ ਹੁੰਦੇ ਰਹਿੰਦੇ ਹਨ। ਸਰਕਾਰ, ਪ੍ਰੀਖਿਆ ਪ੍ਰਣਾਲੀ ਅਤੇ ਪ੍ਰਬੰਧ ਵਿੱਚ ਸੁਧਾਰ ਲਿਆਉਣ ਪ੍ਰਤੀ ਆਖਰ ਚੁੱਪ ਵੱਟੀ ਕਿਉਂ ਬੈਠੀ ਰਹਿੰਦੀ ਹੈ?

ਸਾਲ 2020 ਤੋਂ 2025 ਦੇ ਵਿਚਕਾਰ 45 ਵੱਡੇ ਪੇਪਰ ਲੀਕ ਹੋਏ, ਪਰ ਸਿਰਫ਼ ਦੋ ਮਾਮਲਿਆਂ ਵਿੱਚ ਹੀ ਦੋਸ਼ੀਆਂ ਨੂੰ ਸਜ਼ਾ ਮਿਲ ਸਕੀ। ਸਾਲ 2024 ਵਿੱਚ ਪੇਪਰ ਲੀਕ ਦੇ ਮਾਮਲਿਆਂ ਨੂੰ ਰੋਕਣ ਲਈ ਕੇਂਦਰ ਸਰਕਾਰ ਵੱਲੋਂ 'ਪਬਲਿਕ ਐਗਜ਼ਾਮੀਨੇਸ਼ਨ (ਪ੍ਰੀਵੈਂਸ਼ਨ ਆਫ਼ ਅਨਫੇਅਰ ਮੀਨਜ਼) ਐਕਟ' ਬਣਾਇਆ ਗਿਆ ਸੀ। ਪਰ 2026 ਵਿੱਚ ਫਿਰ ਤੋਂ ਨੀਟ ਵਰਗੀਆਂ ਮੁੱਖ ਪ੍ਰੀਖਿਆਵਾਂ ਦੇ ਪਰਚੇ ਲੀਕ ਹੋ ਗਏ। ਇਸ ਤੋਂ ਬਾਅਦ ਇੱਕ ਹੋਰ ਨਵਾਂ ਸੋਧ ਬਿੱਲ ਪਾਸ ਕਰਕੇ ਸਜ਼ਾ ਵਧਾ ਦਿੱਤੀ ਗਈ ਹੈ।

ਨਵੇਂ ਕਾਨੂੰਨ ਦੇ ਮੁੱਖ ਤੱਥਾਂ 'ਤੇ ਨਜ਼ਰ ਮਾਰੀਏ ਤਾਂ ਇਸ ਵਿੱਚ ਅਪਰਾਧੀਆਂ ਲਈ 3 ਤੋਂ 5 ਸਾਲ ਦੀ ਕੈਦ ਨੂੰ ਵਧਾ ਕੇ 5 ਤੋਂ 10 ਸਾਲ ਤੱਕ ਕਰ ਦਿੱਤਾ ਗਿਆ ਹੈ ਅਤੇ ਜੁਰਮਾਨਾ 10 ਲੱਖ ਤੋਂ ਵਧਾ ਕੇ 1 ਕਰੋੜ ਰੁਪਏ ਤੱਕ ਮਿੱਥਿਆ ਗਿਆ ਹੈ। ਸੰਗਠਿਤ ਅਪਰਾਧਿਕ ਗਿਰੋਹਾਂ ਦੀਆਂ ਸੰਪਤੀਆਂ ਜ਼ਬਤ ਕਰਨ, ਪ੍ਰੀਖਿਆ ਸੰਚਾਲਨ ਕਰਨ ਵਾਲੀਆਂ ਏਜੰਸੀਆਂ ਦੇ ਦੋਸ਼ੀ ਅਧਿਕਾਰੀਆਂ 'ਤੇ ਸਖ਼ਤ ਕਾਰਵਾਈ ਕਰਨ ਅਤੇ ਕੇਸਾਂ ਨੂੰ ਗੈਰ-ਜ਼ਮਾਨਤੀ ਸ਼੍ਰੇਣੀ ਵਿੱਚ ਰੱਖਣ ਦੇ ਉਪਬੰਧ ਕੀਤੇ ਗਏ ਹਨ। ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਸਿਰਫ਼ ਕਾਨੂੰਨ ਦੀਆਂ ਕਿਤਾਬਾਂ ਵਿੱਚ ਸਜ਼ਾਵਾਂ ਸਖ਼ਤ ਲਿਖ ਦੇਣ ਨਾਲ ਪੇਪਰ ਲੀਕ ਹੋਣਾ ਬੰਦ ਹੋ ਜਾਵੇਗਾ? ਅਸਲ ਮੁੱਦਾ ਤਾਂ ਇਹ ਹੈ ਕਿ ਪੇਪਰ ਲੀਕ ਹੋਣ ਦੇ ਮੁੱਖ ਕਾਰਨਾਂ ਅਤੇ ਪ੍ਰਬੰਧਕੀ ਨਾਕਾਮੀਆਂ 'ਤੇ ਸਰਕਾਰ ਕੀ ਕਾਰਵਾਈ ਕਰ ਰਹੀ ਹੈ? ਇਸ ਦਾ ਜਵਾਬ ਫਿਲਹਾਲ ਕਿਧਰੇ ਨਜ਼ਰ ਨਹੀਂ ਆਉਂਦਾ।

ਜੇਕਰ ਹਾਲੀਆ ਘਟਨਾਵਾਂ 'ਤੇ ਝਾਤ ਮਾਰੀਏ ਤਾਂ ਸਰਕਾਰ ਅਤੇ ਪ੍ਰੀਖਿਆ ਏਜੰਸੀਆਂ ਦੇ ਭੈੜੇ ਪ੍ਰਬੰਧ ਦੀ ਪੋਲ ਖੁੱਲ੍ਹ ਜਾਂਦੀ ਹੈ। ਨੀਟ-ਯੂ.ਜੀ.ਸੀ- 2024 ਪ੍ਰੀਖਿਆ ਦੌਰਾਨ ਪਟਨਾ ਵਿੱਚ ਉਮੀਦਵਾਰਾਂ ਨੂੰ ਪ੍ਰਸ਼ਨ ਪੱਤਰ ਰਟਵਾਏ ਜਾਣ ਦੇ ਖੁਲਾਸੇ ਹੋਏ, ਗੋਧਰਾ ਵਿੱਚ ਕੇਂਦਰ ਸੈਟਿੰਗ ਦੇ ਮਾਮਲੇ ਸਾਹਮਣੇ ਆਏ ਅਤੇ ਅਚਾਨਕ ਦਰਜਨਾਂ ਵਿਦਿਆਰਥੀਆਂ ਦੇ ਪੂਰੇ ਅੰਕ ਆਉਣ ਨਾਲ ਦੇਸ਼ ਭਰ ਵਿੱਚ ਹਾਹਾਕਾਰ ਮਚ ਗਈ।

ਇਸ ਤੋਂ ਤੁਰੰਤ ਬਾਅਦ ਯੂ.ਜੀ.ਸੀ.-ਨੀਟ ਪ੍ਰੀਖਿਆ ਨੂੰ ਗ੍ਰਹਿ ਮੰਤਰਾਲੇ ਦੀਆਂ ਰਿਪੋਰਟਾਂ ਤੋਂ ਬਾਅਦ ਰੱਦ ਕਰਨਾ ਪਿਆ ਅਤੇ ਸੀਐੱਸਆਈਆਰ-ਨੀਟ ਦੀਆਂ ਪ੍ਰੀਖਿਆਵਾਂ ਮੁਲਤਵੀ ਕਰਨੀਆਂ ਪਈਆਂ। ਹੱਦ ਤਾਂ ਉਦੋਂ ਹੋ ਗਈ ਜਦੋਂ 2026 ਵਿੱਚ ਸੀਕਰ ਗਿਰੋਹ ਵੱਲੋਂ ਫਿਰ ਤੋਂ ਪਰਚਾ ਲੀਕ ਕਰਨ ਦਾ ਮਾਮਲਾ ਸਾਹਮਣੇ ਆਇਆ। ਇਹ ਘਟਨਾਵਾਂ ਸਾਬਤ ਕਰਦੀਆਂ ਹਨ ਕਿ ਸਰਕਾਰ ਦਾ ਪ੍ਰਬੰਧਕੀ ਢਾਂਚਾ ਅੰਦਰੋਂ ਬਿਲਕੁਲ ਖੋਖਲਾ ਹੋ ਚੁੱਕਾ ਹੈ।

ਪੇਪਰ ਲੀਕ ਮਾਮਲੇ 'ਤੇ ਇੱਕ ਬਹੁਤ ਹੀ ਮਹੱਤਵਪੂਰਨ ਸਮਿਤੀ 'ਇਸਰੋ' ਦੇ ਸਾਬਕਾ ਮੁਖੀ ਡਾ. ਰਾਧਾਕ੍ਰਿਸ਼ਨਨ ਦੀ ਅਗਵਾਈ ਹੇਠ ਬਣਾਈ ਗਈ ਸੀ। ਉਸ ਸਮਿਤੀ ਨੇ 101 ਮਹੱਤਵਪੂਰਨ ਸਿਫ਼ਾਰਸ਼ਾਂ ਦਿੱਤੀਆਂ ਸਨ, ਪਰ ਅਫ਼ਸੋਸ ਕਿ ਉਹਨਾਂ ਵਿੱਚੋਂ ਇੱਕ ਵੀ ਲਾਗੂ ਨਹੀਂ ਕੀਤੀ ਗਈ। ਹੁਣ ਇੱਕ ਹੋਰ ਨਵੀਂ ਕਮੇਟੀ ਨੰਦਨ ਨੀਲੇਕਣੀ ਦੀ ਅਗਵਾਈ ਵਿੱਚ ਗਠਿਤ ਕਰ ਦਿੱਤੀ ਗਈ ਹੈ। ਇੱਥੇ ਸਵਾਲ ਉੱਠਦਾ ਹੈ ਕਿ ਪ੍ਰਾਪਤ ਹੋਈਆਂ ਪੁਰਾਣੀਆਂ ਸਿਫ਼ਾਰਸ਼ਾਂ ਨੂੰ ਕਦੋਂ ਲਾਗੂ ਕੀਤਾ ਜਾਵੇਗਾ ਅਤੇ ਨਵੀਂ ਕਮੇਟੀ ਦੀਆਂ ਰਿਪੋਰਟਾਂ ਕਦੋਂ ਆਉਣਗੀਆਂ? ਇਸ ਬਾਰੇ ਕੋਈ ਨਹੀਂ ਜਾਣਦਾ।

ਨਵਾਂ ਕਾਨੂੰਨ ਪਾਸ ਕਰਨ ਪਿੱਛੇ ਆਖਰ ਸਰਕਾਰ ਦਾ ਕੀ ਮਕਸਦ ਸੀ? ਕੀ ਸਿਰਫ਼ ਨੌਜਵਾਨਾਂ ਵਿੱਚ ਵਧ ਰਹੇ ਰੋਸ ਨੂੰ ਠੰਢਾ ਕਰਨਾ ਸੀ, ਜਾਂ ਇਹ ਦਿਖਾਉਣਾ ਸੀ ਕਿ ਸਰਕਾਰ ਉਹਨਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਹੈ?

ਦਿਲਚਸਪ ਗੱਲ ਇਹ ਹੈ ਕਿ ਦੇਸ਼ ਦੇ ਕਈ ਰਾਜਾਂ ਵਿੱਚ ਪੇਪਰ ਲੀਕ ਮਾਮਲਿਆਂ ਲਈ ਪਹਿਲਾਂ ਹੀ ਬਹੁਤ ਸਖ਼ਤ ਸਜ਼ਾਵਾਂ ਦਾ ਉਪਬੰਧ ਹੈ। ਉੱਤਰ ਪ੍ਰਦੇਸ਼ ਵਿੱਚ 2024 ਦੇ ਕਾਨੂੰਨ ਅਨੁਸਾਰ ਅਪਰਾਧ ਕਰਨ ਵਾਲੇ ਨੂੰ 1 ਕਰੋੜ ਰੁਪਏ ਜੁਰਮਾਨਾ, ਉਮਰ ਕੈਦ ਦੀ ਸਜ਼ਾ ਅਤੇ ਬਿਨਾਂ ਜ਼ਮਾਨਤ ਦਾ ਪ੍ਰਬੰਧ ਹੈ। ਰਾਜਸਥਾਨ ਵਿੱਚ 2023 ਦੀ ਸੋਧ ਅਨੁਸਾਰ 10 ਸਾਲ ਤੋਂ ਲੈ ਕੇ ਉਮਰ ਕੈਦ ਅਤੇ 10 ਲੱਖ ਤੋਂ 10 ਕਰੋੜ ਰੁਪਏ ਤੱਕ ਦਾ ਜੁਰਮਾਨਾ ਹੈ। ਉੜੀਸਾ, ਗੁਜਰਾਤ, ਝਾਰਖੰਡ, ਛੱਤੀਸਗੜ੍ਹ ਅਤੇ ਉੱਤਰਾਖੰਡ ਵਿੱਚ ਵੀ ਅਜਿਹੇ ਹੀ ਸਖ਼ਤ ਕਾਨੂੰਨ ਹਨ। ਇਹਨਾਂ ਸਾਰੇ ਸਖ਼ਤ ਕਾਨੂੰਨਾਂ ਦੇ ਬਾਵਜੂਦ ਉੱਤਰ ਪ੍ਰਦੇਸ਼ ਸਮੇਤ ਕਈ ਰਾਜਾਂ ਵਿੱਚ ਪਰਚੇ ਲੀਕ ਹੁੰਦੇ ਰਹੇ। ਜਦੋਂ 2026 ਵਿੱਚ ਪਰਚਾ ਲੀਕ ਹੋਇਆ ਤਾਂ ਲਗਭਗ 2.27 ਕਰੋੜ ਵਿਦਿਆਰਥੀ ਪ੍ਰਭਾਵਿਤ ਹੋਏ ਅਤੇ ਪ੍ਰੀਖਿਆਵਾਂ ਰੱਦ ਕਰਨੀਆਂ ਪਈਆਂ। ਸੰਸਦ ਵਿੱਚ ਸੋਧ ਕਰਕੇ ਸਜ਼ਾਵਾਂ ਵਧਾਈਆਂ ਗਈਆਂ, ਫਾਸਟ-ਟ੍ਰੈਕ ਅਦਾਲਤਾਂ ਅਤੇ ਐਸ.ਟੀ.ਐਫ. ਦੀ ਜਾਂਚ ਦਾ ਅਧਿਕਾਰ ਦਿੱਤਾ ਗਿਆ। ਪਰ ਇੱਕ ਰਿਪੋਰਟ ਅਨੁਸਾਰ, 30 ਅਪ੍ਰੈਲ 2026 ਤੱਕ ਦੇਸ਼ ਵਿੱਚ 775 ਫਾਸਟ-ਟ੍ਰੈਕ ਅਦਾਲਤਾਂ ਹਨ, ਜਿਨ੍ਹਾਂ ਵਿੱਚ 2,45,000 ਮਾਮਲੇ ਲੰਬਿਤ ਪਏ ਹਨ। ਸਾਲ 2024 ਵਿੱਚ ਇਹਨਾਂ ਅਦਾਲਤਾਂ ਨੇ 85,595 ਮਾਮਲੇ ਨਿਪਟਾਏ, ਜੋ 2025 ਵਿੱਚ ਘੱਟ ਕੇ 66,500 ਰਹਿ ਗਏ।

ਜੇਕਰ ਫਾਸਟ-ਟ੍ਰੈਕ ਅਦਾਲਤਾਂ ਦੀ ਰਫ਼ਤਾਰ ਹੀ ਇਹ ਰਹੇਗੀ, ਤਾਂ ਤੁਰੰਤ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ?

ਇਸ ਪੂਰੀ ਖੇਡ ਵਿੱਚ ਸਭ ਤੋਂ ਖ਼ਤਰਨਾਕ ਅਤੇ ਸ਼ਰਮਨਾਕ ਭੂਮਿਕਾ ਦੇਸ਼ ਵਿੱਚ ਫੈਲੇ 'ਕੋਚਿੰਗ ਮਾਫ਼ੀਆ' ਦੀ ਹੈ। ਅਖਬਾਰਾਂ ਦੇ ਪੂਰੇ-ਪੂਰੇ ਸਫ਼ਿਆਂ 'ਤੇ ਛਪਣ ਵਾਲੇ ਕਰੋੜਾਂ ਰੁਪਏ ਦੇ ਦਿਲ ਖਿੱਚਵੇਂ ਇਸ਼ਤਿਹਾਰ ਇਸ ਗੱਲ ਦਾ ਪ੍ਰਤੱਖ ਸਬੂਤ ਹਨ ਕਿ ਇਹ ਕੋਚਿੰਗ ਸੈਂਟਰ ਹੁਣ ਵਿੱਦਿਆ ਦੇ ਮੰਦਰ ਨਹੀਂ, ਸਗੋਂ ਵਪਾਰਕ ਅੱਡੇ ਬਣ ਚੁੱਕੇ ਹਨ। ਲੱਖਾਂ ਰੁਪਏ ਦੀਆਂ ਮੋਟੀਆਂ ਫੀਸਾਂ ਬਟੋਰ ਕੇ ਇਹ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦਾ ਖੁੱਲ੍ਹੇਆਮ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕਰਦੇ ਹਨ।

ਜੋ ਵਿਦਿਆਰਥੀ ਭਾਰੀ ਫੀਸਾਂ ਭਰਨ ਤੋਂ ਅਸਮਰੱਥ ਹੁੰਦੇ ਹਨ, ਉਹਨਾਂ ਨੂੰ ਜਿਸ ਮਾਨਸਿਕ ਤਸ਼ੱਦਦ, ਹੀਣ ਭਾਵਨਾ ਅਤੇ ਤਣਾਅ ਵਿੱਚੋਂ ਲੰਘਣਾ ਪੈਂਦਾ ਹੈ, ਉਸ ਦਾ ਅੰਦਾਜ਼ਾ ਲਗਾਉਣਾ ਵੀ ਔਖਾ ਹੈ। ਇਹੋ ਕੋਚਿੰਗ ਸੰਸਥਾਵਾਂ ਅਤੇ ਉਹਨਾਂ ਦੇ ਦਲਾਲ ਕਰੋੜਾਂ ਰੁਪਏ ਦੇ ਕਾਲੇ ਧਨ ਦੇ ਦਮ 'ਤੇ ਪ੍ਰੀਖਿਆ ਪ੍ਰਣਾਲੀ ਵਿੱਚ ਅੰਦਰ ਤੱਕ ਘੁਸਪੈਠ ਕਰਦੇ ਹਨ। ਅਖੌਤੀ ਸਫ਼ਲਤਾ ਦੇ ਦਾਅਵੇ ਵੇਚਣ ਲਈ ਇਹ ਮਾਫ਼ੀਆ ਆਪ ਹੀ ਕਰੋੜਾਂ ਰੁਪਏ ਲਗਾ ਕੇ ਪੇਪਰ ਲੀਕ ਕਰਵਾਉਣ ਵਿੱਚ ਸਹਾਈ ਹੁੰਦਾ ਹੈ। ਇਹ ਸਿਰਫ਼ ਇੱਕ ਪ੍ਰੀਖਿਆ ਦੀ ਗੜਬੜੀ ਨਹੀਂ, ਸਗੋਂ ਪੂਰੇ ਦੇਸ਼ ਵਿੱਚ ਫੈਲਿਆ ਇੱਕ ਅਜਿਹਾ ਸੰਗਠਿਤ ਅਪਰਾਧਿਕ ਜਾਲ ਹੈ ਜਿਸ ਦਾ ਮੁੱਖ ਮਕਸਦ ਵਿਦਿਆਰਥੀਆਂ ਦੇ ਹੱਕਾਂ 'ਤੇ ਡਾਕਾ ਮਾਰਨਾ ਅਤੇ ਲਾਚਾਰੀ ਦਾ ਫਾਇਦਾ ਚੁੱਕਣਾ ਹੈ।

ਜਾਂਚ ਰਿਪੋਰਟਾਂ ਦੱਸਦੀਆਂ ਹਨ ਕਿ ਪੇਪਰ ਲੀਕ ਦੇ ਨੈੱਟਵਰਕ ਵਿੱਚ ਪ੍ਰੀਖਿਆ ਕੇਂਦਰ, ਛਪਾਈ ਪ੍ਰੈੱਸ, ਵਿਚੋਲੇ ਅਤੇ ਇਹ ਕੋਚਿੰਗ ਗਿਰੋਹ ਆਪਸ ਵਿੱਚ ਮਿਲੇ ਹੁੰਦੇ ਹਨ। ਨੀਟ 2024 (ਪਟਨਾ), ਯੂ.ਜੀ.ਸੀ. ਨੈੱਟ ਅਤੇ ਨੀਟ 2026 (ਸੀਕਰ ਗਿਰੋਹ) ਦੇ ਮਾਮਲਿਆਂ ਵਿੱਚ ਗ੍ਰਿਫ਼ਤਾਰੀਆਂ ਤਾਂ ਹੋਈਆਂ, ਪਰ ਅੰਤ ਵਿੱਚ ਮਾਮਲਾ ਠੰਢਾ ਪੈ ਜਾਂਦਾ ਹੈ।

ਸਾਲ 2022 ਤੋਂ 2025 ਤੱਕ 43 ਮਾਮਲਿਆਂ ਵਿੱਚੋਂ ਸਿਰਫ਼ 2 ਵਿੱਚ ਹੀ ਸਜ਼ਾ ਹੋ ਸਕੀ। ਬਾਕੀ ਮਾਮਲਿਆਂ ਵਿੱਚ ਦੋਸ਼ੀ ਕੌਣ ਸਨ, ਕੋਈ ਨਹੀਂ ਜਾਣਦਾ। ਸਰਕਾਰ ਦੀ ਸਭ ਤੋਂ ਵੱਡੀ ਨਾਕਾਮੀ ਇਹ ਹੈ ਕਿ ਉਹ ਅਫ਼ਸਰਸ਼ਾਂਹੀ ਦੀ ਅਣਗਹਿਲੀ, ਰਾਜਨੀਤਿਕ ਸਰਪ੍ਰਸਤੀ ਅਤੇ ਇਸ ਕੋਚਿੰਗ ਮਾਫ਼ੀਆ 'ਤੇ ਚੁੱਪ ਧਾਰੀ ਬੈਠੀ ਹੈ।

ਸਾਲ 2024 ਵਿੱਚ ਚਰਚਾ ਵਿੱਚ ਆਈ ਨੈਸ਼ਨਲ ਟੈਸਟਿੰਗ ਏਜੰਸੀ ਯਾਨੀ 'ਐਨ.ਟੀ.ਏ.' ਵੱਲੋਂ ਹੁਣ ਤੱਕ 5.4 ਕਰੋੜ ਤੋਂ ਵੱਧ ਉਮੀਦਵਾਰਾਂ ਲਈ 240 ਤੋਂ ਵੱਧ ਪ੍ਰੀਖਿਆਵਾਂ ਕਰਵਾਈਆਂ ਗਈਆਂ ਹਨ, ਪਰ ਇਸ ਸੰਸਥਾ ਦੀ ਸਮਰੱਥਾ ਅਤੇ ਕਾਰਜ-ਕੁਸ਼ਲਤਾ ਵਿੱਚ ਕੋਈ ਸੁਧਾਰ ਨਹੀਂ ਹੋਇਆ। ਇਹ ਏਜੰਸੀ ਅਚਾਨਕ ਪ੍ਰੀਖਿਆ ਦੀਆਂ ਤਾਰੀਖਾਂ ਅਤੇ ਸ਼ਡਿਊਲ ਵਿੱਚ ਬਦਲਾਅ ਕਰ ਦਿੰਦੀ ਹੈ, ਜਿਸ ਨਾਲ ਵਿਦਿਆਰਥੀਆਂ 'ਤੇ ਮਾਨਸਿਕ ਬੋਝ ਹੋਰ ਵਧ ਜਾਂਦਾ ਹੈ।

ਪੇਪਰ ਲੀਕ ਦੀ ਸਮੱਸਿਆ ਸਿਰਫ਼ ਭਾਰਤ ਵਿੱਚ ਹੀ ਨਹੀਂ, ਸਗੋਂ ਦੁਨੀਆ ਦੇ ਹੋਰਨਾਂ ਦੇਸ਼ਾਂ ਵਿੱਚ ਵੀ ਰਹੀ ਹੈ, ਪਰ ਉਹਨਾਂ ਨੇ ਇਸ ਦਾ ਠੋਸ ਹੱਲ ਕੱਢਿਆ ਹੈ। ਚੀਨ ਨੇ ਇਸ ਨੂੰ ਰਾਸ਼ਟਰੀ ਸੁਰੱਖਿਆ ਦਾ ਮੁੱਦਾ ਮੰਨਦਿਆਂ ਸਖ਼ਤ ਸੁਰੱਖਿਆ ਪ੍ਰੋਟੋਕੋਲ ਅਤੇ ਆਧੁਨਿਕ ਤਕਨੀਕ ਲਾਗੂ ਕੀਤੀ। ਅਮਰੀਕਾ ਨੇ ਕੰਪਿਊਟਰ-ਆਧਾਰਿਤ ਪ੍ਰੀਖਿਆਵਾਂ ਲਾਗੂ ਕਰਕੇ ਪਰਚਾ ਲੀਕ ਕਰਨ ਵਾਲੇ ਗਿਰੋਹਾਂ ਦਾ ਜਾਲ ਤੋੜਿਆ। ਬਰਤਾਨੀਆ ਨੇ 'ਕੰਟਰੈਕਟ ਚੀਟਿੰਗ' (ਪੈਸੇ ਦੇ ਕੇ ਆਨਲਾਈਨ ਟੈਸਟ ਦਿਵਾਉਣਾ) ਨੂੰ ਰੋਕਣ ਲਈ 'ਸਕਿੱਲਜ਼ ਐਂਡ ਪੋਸਟ-16 ਐਜੂਕੇਸ਼ਨ ਐਕਟ 2022' ਬਣਾ ਕੇ ਅਜਿਹੀਆਂ ਸੇਵਾਵਾਂ ਨੂੰ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਕਰਾਰ ਦਿੱਤਾ। ਡਾ. ਰਾਧਾਕ੍ਰਿਸ਼ਨਨ ਸਮਿਤੀ ਨੇ ਸੁਝਾਅ ਦਿੱਤਾ ਸੀ ਕਿ ਪੇਪਰ ਦੀ ਛਪਾਈ ਤੋਂ ਲੈ ਕੇ ਪ੍ਰੀਖਿਆ ਕੇਂਦਰਾਂ ਤੱਕ ਪਹੁੰਚਾਉਣ, ਉਮੀਦਵਾਰਾਂ ਦੀ ਸ਼ਨਾਖਤ ਅਤੇ ਸ਼ਿਕਾਇਤ ਨਿਵਾਰਨ ਲਈ ਸੀ.ਪੀ.ਪੀ.ਟੀ. ਯਾਨੀ ਸੁਰੱਖਿਅਤ ਡਿਜੀਟਲ ਪ੍ਰਣਾਲੀ ਅਪਣਾਈ ਜਾਵੇ। ਪਰ ਇਹਨਾਂ ਸੁਝਾਵਾਂ 'ਤੇ ਅਮਲ ਨਹੀਂ ਕੀਤਾ ਗਿਆ।

ਪੇਪਰ ਲੀਕ ਸਿਰਫ਼ ਪ੍ਰਬੰਧਕੀ ਨਾਕਾਮੀ ਨਹੀਂ, ਸਗੋਂ ਲੱਖਾਂ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਹੈ, ਜੋ ਉਹਨਾਂ ਦੀਆਂ ਸਾਲਾਂ ਦੀ ਮਿਹਨਤ 'ਤੇ ਪਾਣੀ ਫੇਰ ਦਿੰਦਾ ਹੈ। ਸਿਰਫ਼ ਕਾਗਜ਼ੀ ਕਾਨੂੰਨ ਬਣਾ ਕੇ ਸਰਕਾਰ ਆਪਣੀ ਜਵਾਬਦੇਹੀ ਤੋਂ ਭੱਜ ਨਹੀਂ ਸਕਦੀ। ਇਸ ਲਈ ਡਿਜੀਟਲ ਡਿਲੀਵਰੀ, ਰੈਂਡਮ ਪ੍ਰਸ਼ਨ ਪੱਤਰ ਪ੍ਰਣਾਲੀ, ਏ.ਆਈ. ਆਧਾਰਿਤ ਬਾਇਓਮੈਟ੍ਰਿਕ ਪਛਾਣ ਅਤੇ ਸਿਆਸੀ ਇੱਛਾ-ਸ਼ਕਤੀ ਦੀ ਲੋੜ ਹੈ।

ਜੇਕਰ ਇਹ ਵੱਡੇ ਸੁਧਾਰ ਨਾ ਕੀਤੇ ਗਏ, ਤਾਂ ਮੋਬਾਈਲ ਫੋਨ, ਐਕਸ (ਟਵਿੱਟਰ), ਫੇਸਬੁੱਕ ਅਤੇ ਇੰਸਟਾਗ੍ਰਾਮ ਦੇ ਜ਼ਰੀਏ ਨਾਗਰਿਕਾਂ ਦੀ ਇਹ ਚੁੱਪੀ ਜ਼ਰੂਰ ਟੁੱਟੇਗੀ। ਜਿਸ ਤਰ੍ਹਾਂ ਨੌਜਵਾਨਾਂ ਨੇ ਹਰ ਕਿਸਮ ਦਾ ਡਰ ਭੁਲਾ ਕੇ-ਚਾਹੇ ਉਹ ਪੁਲਿਸ ਦੀ ਨੀਲੀ ਵਰਦੀ ਹੋਵੇ, ਲਾਠੀ, ਅੱਥਰੂ ਗੈਸ, ਬੰਦੂਕ ਜਾਂ ਗ੍ਰਿਫ਼ਤਾਰੀਆਂ ਦਾ ਖੌਫ਼- ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਹੈ, ਉਹੀ ਰੂਪ ਫਿਰ ਦੇਖਣ ਨੂੰ ਮਿਲੇਗਾ। ਕਾਨੂੰਨ ਦੇ ਨਾਂ 'ਤੇ ਥੋਪੀ ਗਈ ਨੈਤਿਕਤਾ ਅਤੇ ਵਿਤਕਰੇ ਖ਼ਿਲਾਫ਼ ਲੜਨ ਲਈ ਨੌਜਵਾਨ ਆਪ-ਮੁਹਾਰੇ ਸੜਕਾਂ 'ਤੇ ਉੱਤਰ ਆਉਣਗੇ।

Space available for Ad
Contact # +1 (209) 303-1260
Contact # +91 81463-20009

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com



SANJHI SOCH
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

# ਕਵਾਂਟਮ ਅਮਰਤਾ
# ਵਿਗਿਆਨ, ਦਰਸ਼ਨ ਜਾਂ ਇੱਕ ਦਿਲਚਸਪ ਭਰਮ?

ਮਨੁੱਖੀ ਸਭਿਆਚਾਰ ਦੇ ਆਰੰਭ ਤੋਂ ਹੀ ਮਨੁੱਖ ਇੱਕ ਅਜਿਹੇ ਪ੍ਰਸ਼ਨ ਦਾ ਉੱਤਰ ਲੱਭਣ ਦੀ ਕੋਸ਼ਿਸ਼ ਕਰਦਾ ਆਇਆ ਹੈ, ਜਿਸ ਦਾ ਜਵਾਬ ਅਜੇ ਵੀ ਰਹੱਸਵਾਦੀ ਬਣਿਆ ਹੋਇਆ ਹੈ ਮੌਤ ਤੋਂ ਬਾਅਦ ਕੀ ਹੁੰਦਾ ਹੈ? ਇਸ ਸਵਾਲ ਦਾ ਜਵਾਬ ਲੱਭਣ ਲਈ ਧਰਮ, ਦਰਸ਼ਨ ਸ਼ਾਸਤਰ ਅਤੇ ਵਿਗਿਆਨ ਨੇ ਆਪਣੇ-ਆਪਣੇ ਤਰੀਕੇ ਨਾਲ ਅਨੇਕਾਂ ਸਿਧਾਂਤ ਪੇਸ਼ ਕੀਤੇ ਹਨ। ਆਧੁਨਿਕ ਵਿਗਿਆਨ ਵਿੱਚ ਉੱਭਰੀਆਂ ਸਭ ਤੋਂ ਦਿਲਚਸਪ ਧਾਰਨਾਵਾਂ ਵਿੱਚੋਂ ਇੱਕ ਹੈ "ਕਵਾਂਟਮ ਅਮਰਤਾ"। ਇਸ ਵਿਚਾਰ ਨੇ ਵਿਗਿਆਨੀਆਂ, ਦਾਰਸ਼ਨਿਕਾਂ ਅਤੇ ਵਿਗਿਆਨਕ ਕਲਪਨਾ ਦੇ ਲੇਖਕਾਂ ਦਾ ਧਿਆਨ ਬਰਾਬਰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਹੈ। ਪਰ ਕੀ ਇਹ ਅਸਲ ਵਿੱਚ ਵਿਗਿਆਨ ਹੈ ਜਾਂ ਸਿਰਫ਼ ਕਵਾਂਟਮ ਭੌਤਿਕੀ ਦੀ ਇੱਕ ਰੋਮਾਂਚਕ ਵਿਆਖਿਆ?

ਕਵਾਂਟਮ ਅਮਰਤਾ ਕੋਈ ਸਥਾਪਿਤ ਵਿਗਿਆਨਕ ਸੱਚਾਈ ਨਹੀਂ ਹੈ। ਇਹ ਇੱਕ ਵਿਚਾਰ-ਪ੍ਰਯੋਗ ਹੈ, ਜੋ ਕਵਾਂਟਮ ਮਕੈਨਿਕਸ ਦੀ "ਮੈਨੀ ਵਰਲਡਜ਼ ਇੰਟਰਪ੍ਰੀਟੇਸ਼ਨ" ਤੋਂ ਜਨਮ ਲੈਂਦਾ ਹੈ। ਇਸ ਵਿਆਖਿਆ ਅਨੁਸਾਰ ਹਰ ਕਵਾਂਟਮ ਘਟਨਾ ਨਾਲ ਬ੍ਰਹਿਮੰਡ ਕਈ ਸੰਭਾਵਿਤ ਹਕੀਕਤਾਂ ਵਿੱਚ ਵੰਡ ਜਾਂਦਾ ਹੈ। ਭਾਵ, ਭਵਿੱਖ ਸਿਰਫ਼ ਇੱਕ ਨਹੀਂ ਹੁੰਦਾ, ਸਗੋਂ ਬੇਅੰਤ ਸੰਭਾਵਨਾਵਾਂ ਇੱਕੋ ਸਮੇਂ ਮੌਜੂਦ ਹੋ ਸਕਦੀਆਂ ਹਨ।

ਇਸ ਸਿਧਾਂਤ ਦੇ ਸਮਰੱਥਕਾਂ ਦਾ ਮੰਨਣਾ ਹੈ ਕਿ ਜਦੋਂ ਵੀ ਕੋਈ ਜੀਵਨ-ਮੌਤ ਵਾਲੀ ਸਥਿਤੀ ਪੈਦਾ ਹੁੰਦੀ ਹੈ, ਤਾਂ ਚੇਤਨਾ ਉਸੇ ਬ੍ਰਹਿਮੰਡ ਵਿੱਚ ਜਾਰੀ ਰਹਿੰਦੀ ਹੈ ਜਿੱਥੇ ਵਿਅਕਤੀ ਬੱਚ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ, ਵਿਅਕਤੀ ਆਪਣੇ ਅਨੁਭਵ ਅਨੁਸਾਰ ਕਦੇ ਆਪਣੀ ਮੌਤ ਦਾ ਅਹਿਸਾਸ ਨਹੀਂ ਕਰਦਾ, ਕਿਉਂਕਿ ਉਸ ਦੀ ਚੇਤਨਾ ਹਮੇਸ਼ਾਂ ਉਸ ਹਕੀਕਤ ਵਿੱਚ ਅੱਗੇ ਵੱਧਦੀ ਹੈ ਜਿੱਥੇ ਉਹ ਜੀਵਿਤ ਰਹਿੰਦਾ ਹੈ। ਹਾਲਾਂਕਿ ਕਿਸੇ ਹੋਰ ਸਮਾਨਾਂਤਰ ਬ੍ਰਹਿਮੰਡ ਵਿੱਚ ਲੋਕ ਉਸ ਦੀ ਮੌਤ ਦੇ ਗਵਾਹ ਹੋ ਸਕਦੇ ਹਨ।

ਇਹ ਵਿਚਾਰ ਸੁਣਨ ਵਿੱਚ ਜਿੰਨਾ ਅਦਭੁੱਤ ਲੱਗਦਾ ਹੈ, ਉਹਨਾਂ ਹੀ ਅਨੁਮਾਨਾਂ 'ਤੇ ਆਧਾਰਿਤ ਵੀ ਹੈ। ਅਜੇ ਤੱਕ ਕੋਈ ਵੀ ਪ੍ਰਯੋਗਾਤਮਕ ਸਬੂਤ ਇਹ ਸਾਬਤ ਨਹੀਂ ਕਰ ਸਕਿਆ ਕਿ ਸਮਾਨਾਂਤਰ ਬ੍ਰਹਿਮੰਡਾਂ ਦੀ ਹੋਂਦ ਹੈ ਜਾਂ ਮਨੁੱਖੀ ਚੇਤਨਾ ਇੱਕ ਬ੍ਰਹਿਮੰਡ ਤੋਂ ਦੂਜੇ ਵਿੱਚ ਜਾ ਸਕਦੀ ਹੈ। ਇਸੇ ਲਈ ਜ਼ਿਆਦਾਤਰ ਭੌਤਿਕ ਵਿਗਿਆਨੀ ਕਵਾਂਟਮ ਅਮਰਤਾ ਨੂੰ ਵਿਗਿਆਨਕ ਸੱਚਾਈ ਦੀ ਬਜਾਏ ਇੱਕ ਦਿਲਚਸਪ ਦਾਰਸ਼ਨਿਕ ਸੰਭਾਵਨਾ ਮੰਨਦੇ ਹਨ।

ਇਸ ਧਾਰਨਾ ਦੀ ਲੋਕਪ੍ਰਿਯਤਾ ਦਾ ਇੱਕ ਕਾਰਨ ਇਹ ਵੀ ਹੈ ਕਿ ਇਹ ਮਨੁੱਖੀ ਚੇਤਨਾ ਦੀ ਸਮਝ ਨੂੰ ਚੁਣੌਤੀ ਦਿੰਦੀ ਹੈ। ਅੱਜ ਵੀ ਵਿਗਿਆਨ ਇਹ ਪੂਰੀ ਤਰ੍ਹਾਂ ਨਹੀਂ ਸਮਝ ਸਕਿਆ ਕਿ ਚੇਤਨਾ ਮਨੁੱਖੀ ਦਿਮਾਗ ਵਿੱਚ ਕਿਵੇਂ ਪੈਦਾ ਹੁੰਦੀ ਹੈ। ਜਦੋਂ ਤੱਕ ਇਸ ਮੂਲ ਪ੍ਰਸ਼ਨ ਦਾ ਜਵਾਬ ਨਹੀਂ ਮਿਲਦਾ, ਤਦ ਤੱਕ ਚੇਤਨਾ ਨੂੰ ਕਵਾਂਟਮ ਭੌਤਿਕੀ ਨਾਲ ਜੋੜਨਾ ਕੇਵਲ ਇੱਕ ਸਿਧਾਂਤ ਹੀ ਰਹੇਗਾ। ਮਨੋਵਿਗਿਆਨਕ ਪੱਖ ਤੋਂ ਵੇਖਿਆ ਜਾਵੇ ਤਾਂ ਕਵਾਂਟਮ ਅਮਰਤਾ ਮਨੁੱਖ ਦੀ ਸਭ ਤੋਂ ਮਜ਼ਬੂਤ ਪ੍ਰਵਿਰਤੀ ਜੀਉਂਦੇ ਰਹਿਣ ਦੀ ਇੱਛਾ ਨੂੰ ਸੰਬੋਧਿਤ ਕਰਦੀ ਹੈ। ਮੌਤ ਦਾ ਡਰ ਮਨੁੱਖੀ ਮਨ ਵਿੱਚ ਡੂੰਘਾਈ ਨਾਲ ਵੱਸਿਆ ਹੋਇਆ ਹੈ। ਇਸ ਲਈ ਕੋਈ ਵੀ ਅਜਿਹਾ ਸਿਧਾਂਤ ਜੋ ਇਹ ਸੰਕੇਤ ਦੇਵੇ ਕਿ ਸ਼ਾਇਦ ਮੌਤ ਦਾ ਅਨੁਭਵ ਕਦੇ ਨਹੀਂ ਹੋਵੇਗਾ, ਲੋਕਾਂ ਨੂੰ ਸੁਭਾਵਿਕ ਤੌਰ 'ਤੇ ਆਪਣੇ ਵੱਲ ਖਿੱਚਦਾ ਹੈ। ਪਰ ਮਨੋਵਿਗਿਆਨਕ ਆਕਰਸ਼ਣ ਨੂੰ ਕਦੇ ਵੀ ਵਿਗਿਆਨਕ ਸਬੂਤ ਨਹੀਂ ਮੰਨਿਆ ਜਾ ਸਕਦਾ। ਇਸ ਧਾਰਨਾ ਦਾ ਇੱਕ ਹੋਰ ਪੱਖ ਇਸ ਦੀ ਗਲਤ ਵਿਆਖਿਆ ਹੈ। ਕੁਝ ਲੋਕ ਇਹ ਮੰਨ ਲੈਂਦੇ ਹਨ ਕਿ ਕਵਾਂਟਮ ਅਮਰਤਾ ਦਾ ਅਰਥ ਹੈ ਕਿ ਮਨੁੱਖ ਕਿਸੇ ਵੀ ਹਾਲਤ ਵਿੱਚ ਨਹੀਂ ਮਰ ਸਕਦਾ। ਇਹ ਨਾ ਸਿਰਫ਼ ਵਿਗਿਆਨਕ ਤੌਰ 'ਤੇ ਗਲਤ ਹੈ, ਸਗੋਂ ਬਹੁਤ ਖ਼ਤਰਨਾਕ ਵੀ ਹੈ। ਇਸ ਵਿਚਾਰ ਨੂੰ ਕਦੇ ਵੀ ਜੋਖ਼ਿਮ ਭਰੇ ਜਾਂ ਲਾਪਰਵਾਹ ਵਿਉਹਾਰ ਦਾ ਆਧਾਰ ਨਹੀਂ ਬਣਾਇਆ ਜਾਣਾ ਚਾਹੀਦਾ।

ਇਹ ਸੱਚ ਹੈ ਕਿ ਕਵਾਂਟਮ ਮਕੈਨਿਕਸ ਨੇ ਸੂਖਮ ਕਣਾਂ ਦੇ ਵਿਉਹਾਰ ਨੂੰ ਸਮਝਣ ਵਿੱਚ ਅਦਭੁੱਤ ਸਫ਼ਲਤਾ ਹਾਸਲ ਕੀਤੀ ਹੈ ਅਤੇ ਇਸ ਦੇ ਆਧਾਰ 'ਤੇ ਸੈਮੀਕੰਡਕਟਰ, ਲੇਜ਼ਰ ਅਤੇ ਕਵਾਂਟਮ ਕੰਪਿਊਟਿੰਗ ਵਰਗੀਆਂ ਕ੍ਰਾਂਤੀਕਾਰੀ ਤਕਨੀਕਾਂ ਵਿਕਸਿਤ ਹੋਈਆਂ ਹਨ। ਪਰ ਇਨ੍ਹਾਂ ਸਿਧਾਂਤਾਂ ਨੂੰ ਸਿੱਧੇ ਤੌਰ 'ਤੇ ਮਨੁੱਖੀ ਚੇਤਨਾ ਜਾਂ ਅਮਰਤਾ ਨਾਲ ਜੋੜਨਾ ਮੌਜੂਦਾ ਵਿਗਿਆਨਕ ਸਬੂਤਾਂ ਤੋਂ ਕਾਫ਼ੀ ਅੱਗੇ ਦੀ ਗੱਲ ਹੈ। ਦਾਰਸ਼ਨਿਕ ਪੱਖ ਤੋਂ ਕਵਾਂਟਮ ਅਮਰਤਾ ਕਈ ਡੂੰਘੇ ਪ੍ਰਸ਼ਨ ਖੜ੍ਹੇ ਕਰਦੀ ਹੈ। ਜੇਕਰ ਸਾਡੇ ਅਨੇਕਾਂ ਰੂਪ ਵੱਖ-ਵੱਖ ਬ੍ਰਹਿਮੰਡਾਂ ਵਿੱਚ ਮੌਜੂਦ ਹਨ, ਤਾਂ ਅਸਲ "ਮੈਂ" ਕੌਣ ਹਾਂ? ਕੀ ਸਾਡੀ ਪਛਾਣ ਸਿਰਫ਼ ਬੇਅੰਤ ਸੰਭਾਵਨਾਵਾਂ ਵਿੱਚੋਂ ਇੱਕ ਹੈ? ਕੀ ਚੇਤਨਾ ਸਰੀਰ ਅਤੇ ਦਿਮਾਗ ਤੋਂ ਸੁਤੰਤਰ ਤੌਰ 'ਤੇ ਵੀ ਮੌਜੂਦ ਰਹਿ ਸਕਦੀ ਹੈ? ਇਹ ਸਾਰੇ ਪ੍ਰਸ਼ਨ ਅਜੇ ਵੀ ਖ਼ੋਜ ਅਤੇ ਵਿਚਾਰ-ਵਟਾਂਦਰੇ ਦਾ ਵਿਸ਼ਾ ਹਨ। ਧਾਰਮਿਕ ਪਰੰਪਰਾਵਾਂ ਵੀ ਮੌਤ ਤੋਂ ਬਾਅਦ ਦੇ ਜੀਵਨ ਬਾਰੇ ਵੱਖ-ਵੱਖ ਵਿਚਾਰ ਪੇਸ਼ ਕਰਦੀਆਂ ਹਨ। ਕਈ ਧਰਮ ਆਤਮਾ ਦੀ ਅਮਰਤਾ, ਪੁਨਰਜਨਮ ਜਾਂ ਸਦੀਵੀ ਪਰਲੋਕ ਵਿੱਚ ਵਿਸ਼ਵਾਸ ਰੱਖਦੇ ਹਨ। ਪਰ ਕਵਾਂਟਮ ਅਮਰਤਾ ਇਨ੍ਹਾਂ ਧਾਰਨਾਵਾਂ ਤੋਂ ਵੱਖਰੀ ਹੈ, ਕਿਉਂਕਿ ਇਹ ਅਧਿਆਤਮਿਕ ਵਿਸ਼ਵਾਸਾਂ ਦੀ ਬਜਾਏ ਕਵਾਂਟਮ ਭੌਤਿਕੀ ਦੀ ਇੱਕ ਵਿਆਖਿਆ 'ਤੇ ਆਧਾਰਿਤ ਹੈ। ਆਧੁਨਿਕ ਨਿਊਰੋਸਾਇੰਸ ਇਸ ਵਿਸ਼ੇ 'ਤੇ ਹੋਰ ਵੀ ਸਾਵਧਾਨ ਰਵੱਈਆ ਅਪਣਾਉਂਦੀ ਹੈ। ਵਿਗਿਆਨਕ ਖੋਜਾਂ ਦਰਸਾਉਂਦੀਆਂ ਹਨ ਕਿ ਚੇਤਨਾ ਅਤੇ ਦਿਮਾਗੀ ਕਿਰਿਆਵਾਂ ਦਾ ਆਪਸੀ ਸੰਬੰਧ ਬਹੁਤ ਗੂੜ੍ਹਾ ਹੈ। ਜਦੋਂ ਦਿਮਾਗ ਦੀ ਕਿਰਿਆ ਸਥਾਈ ਤੌਰ 'ਤੇ ਬੰਦ ਹੋ ਜਾਂਦੀ ਹੈ, ਤਾਂ ਮੌਜੂਦਾ ਡਾਕਟਰੀ ਸਬੂਤਾਂ ਅਨੁਸਾਰ ਚੇਤਨਾ ਵੀ ਸਮਾਪਤ ਹੋ ਜਾਂਦੀ ਹੈ। ਅਜੇ ਤੱਕ ਕੋਈ ਅਜਿਹਾ ਵਿਗਿਆਨਕ ਅਧਿਐਨ ਸਾਹਮਣੇ ਨਹੀਂ ਆਇਆ ਜੋ ਇਹ ਸਾਬਤ ਕਰ ਸਕੇ ਕਿ ਜੀਵ-ਵਿਗਿਆਨਕ ਮੌਤ ਤੋਂ ਬਾਅਦ ਚੇਤਨਾ ਕਿਸੇ ਹੋਰ ਬ੍ਰਹਿਮੰਡ ਵਿੱਚ ਜਾਰੀ ਰਹਿੰਦੀ ਹੈ। ਫਿਰ ਵੀ, ਵਿਗਿਆਨ ਦੀ ਤਰੱਕੀ ਹਮੇਸ਼ਾਂ ਨਵੇਂ ਅਤੇ ਸਾਹਸੀ ਵਿਚਾਰਾਂ ਨਾਲ ਹੀ ਹੋਈ ਹੈ। ਕਈ ਅਜਿਹੇ ਵਿਚਾਰ, ਜੋ ਕਦੇ ਅਸੰਭਵ ਮੰਨੇ ਜਾਂਦੇ ਸਨ, ਬਾਅਦ ਵਿੱਚ ਸਬੂਤਾਂ ਦੇ ਆਧਾਰ 'ਤੇ ਸਵੀਕਾਰ ਕੀਤੇ ਗਏ। ਇਸ ਲਈ ਕਵਾਂਟਮ ਅਮਰਤਾ ਨੂੰ ਸਿਰਫ਼ ਇਸ ਲਈ ਰੱਦ ਨਹੀਂ ਕੀਤਾ ਜਾ ਸਕਦਾ ਕਿ ਇਹ ਅਸਾਧਾਰਣ ਲੱਗਦੀ ਹੈ। ਪਰ ਇਹ ਵੀ ਉਤਨਾ ਹੀ ਸੱਚ ਹੈ ਕਿ ਅਸਾਧਾਰਣ ਦਾਅਵਿਆਂ ਲਈ ਅਸਾਧਾਰਣ ਸਬੂਤਾਂ ਦੀ ਲੋੜ ਹੁੰਦੀ ਹੈ। ਜਦੋਂ ਤੱਕ ਅਜਿਹੇ ਸਬੂਤ ਨਹੀਂ ਮਿਲਦੇ, ਇਸ ਨੂੰ ਇੱਕ ਦਿਲਚਸਪ ਪਰਿਕਲਪਨਾ ਹੀ ਮੰਨਿਆ ਜਾਣਾ ਚਾਹੀਦਾ ਹੈ। ਇਹ ਵਿਚਾਰ ਸਾਨੂੰ ਇੱਕ ਹੋਰ ਮਹੱਤਵਪੂਰਨ ਸਬਕ ਵੀ ਸਿਖਾਉਂਦਾ ਹੈ। ਮੌਤ ਤੋਂ ਬਾਅਦ ਕੀ ਹੁੰਦਾ ਹੈ, ਇਸ ਬਾਰੇ ਨਿਸ਼ਚਿਤ ਜਵਾਬ ਲੱਭਣ ਦੀ ਬਜਾਏ ਮਨੁੱਖ ਲਈ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਉਹ ਆਪਣਾ ਮੌਜੂਦਾ ਜੀਵਨ ਅਰਥਪੂਰਨ, ਦਇਆਲੂ ਅਤੇ ਉਦੇਸ਼ਪੂਰਨ ਬਣਾਏ। ਚਾਹੇ ਚੇਤਨਾ ਮੌਤ ਨਾਲ ਸਮਾਪਤ ਹੋ ਜਾਵੇ, ਅਧਿਆਤਮਿਕ ਰੂਪ ਵਿੱਚ ਜਾਰੀ ਰਹੇ ਜਾਂ ਕਿਸੇ ਅਣਜਾਣ ਭੌਤਿਕ ਪ੍ਰਕਿਰਿਆ ਰਾਹੀਂ ਅੱਗੇ ਵਧੇ ਸਭ ਤੋਂ ਵੱਧ ਮਹੱਤਵ ਸਾਡੇ ਮੌਜੂਦਾ ਕਰਮਾਂ ਦਾ ਹੀ ਹੈ।

ਕਵਾਂਟਮ ਅਮਰਤਾ ਆਧੁਨਿਕ ਕਵਾਂਟਮ ਭੌਤਿਕੀ ਦੀਆਂ ਸਭ ਤੋਂ ਰੌਚਕ ਧਾਰਨਾਵਾਂ ਵਿੱਚੋਂ ਇੱਕ ਹੈ। ਇਹ ਵਿਗਿਆਨ, ਦਰਸ਼ਨ ਸ਼ਾਸਤਰ ਅਤੇ ਮਨੋਵਿਗਿਆਨ ਨੂੰ ਇੱਕ ਅਜਿਹੇ ਵਿਚਾਰ ਵਿੱਚ ਜੋੜਦੀ ਹੈ ਜੋ ਮਨੁੱਖ ਨੂੰ ਆਪਣੀ ਹੋਂਦ ਬਾਰੇ ਡੂੰਘਾਈ ਨਾਲ ਸੋਚਣ ਲਈ ਪ੍ਰੇਰਿਤ ਕਰਦਾ ਹੈ। ਪਰ ਮੌਜੂਦਾ ਸਮੇਂ ਤੱਕ ਇਸ ਦੇ ਹੱਕ ਵਿੱਚ ਕੋਈ ਭਰੋਸੇਯੋਗ ਵਿਗਿਆਨਕ ਸਬੂਤ ਉਪਲੱਬਧ ਨਹੀਂ ਹਨ। ਇਸ ਲਈ ਇਸ ਨੂੰ ਸਥਾਪਿਤ ਵਿਗਿਆਨਕ ਸਿਧਾਂਤ ਦੀ ਬਜਾਏ ਇੱਕ ਦਿਲਚਸਪ ਬੌਧਿਕ ਕਲਪਨਾ ਵਜੋਂ ਹੀ ਦੇਖਣਾ ਚਾਹੀਦਾ ਹੈ।

ਸ਼ਾਇਦ ਕਵਾਂਟਮ ਅਮਰਤਾ ਦਾ ਸਭ ਤੋਂ ਵੱਡਾ ਸੰਦੇਸ਼ ਇਹ ਨਹੀਂ ਕਿ ਮਨੁੱਖ ਕਦੇ ਨਹੀਂ ਮਰਦਾ, ਸਗੋਂ ਇਹ ਹੈ ਕਿ ਚੇਤਨਾ ਅਤੇ ਬ੍ਰਹਿਮੰਡ ਦੇ ਰਹੱਸ ਅਜੇ ਵੀ ਸਾਡੀ ਸਮਝ ਤੋਂ ਕਿਤੇ ਵੱਧ ਡੂੰਘੇ ਹਨ। ਵਿਗਿਆਨ ਦੀ ਅਸਲ ਤਾਕਤ ਤੱਥਾਂ ਦੀ ਨਿਰਪੱਖ ਜਾਂਚ ਅਤੇ ਠੋਸ ਸਬੂਤਾਂ ਵਿੱਚ ਹੈ, ਨਾ ਕਿ ਇੱਛਾਵਾਂ ਜਾਂ ਕਲਪਨਾਵਾਂ ਵਿੱਚ। ਜਦੋਂ ਤੱਕ ਮਜ਼ਬੂਤ ਵਿਗਿਆਨਕ ਸਬੂਤ ਉਪਲੱਬਧ ਨਹੀਂ ਹੁੰਦੇ, ਤਦ ਤੱਕ ਕਵਾਂਟਮ ਅਮਰਤਾ ਨੂੰ ਇੱਕ ਰੌਚਕ ਵਿਚਾਰ ਵਜੋਂ ਹੀ ਮੰਨਣਾ ਚਾਹੀਦਾ ਹੈ, ਜੋ ਸਾਨੂੰ ਹਕੀਕਤ ਬਾਰੇ ਨਵੇਂ ਪ੍ਰਸ਼ਨ ਪੁੱਛਣ ਲਈ ਪ੍ਰੇਰਿਤ ਕਰਦਾ ਹੈ, ਪਰ ਨਾਲ ਹੀ ਵਿਗਿਆਨਕ ਸੋਚ ਨਾਲ ਜੁੜੇ ਰਹਿਣ ਦੀ ਵੀ ਸਿੱਖਿਆ ਦਿੰਦਾ ਹੈ।







RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

ਡਤਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



ਇਨਵੌਇਸ ਬਣਾਓ ਆਸਾਨ,
ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

INVOICE $
**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**
**3 ਦਿਨ ਦਾ ਮੁਫ਼ਤ TRIAL ਮਿਲੇਗਾ!**
ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਬੱਦਲਾਂ ਦੀ ਘਟਦੀ ਚਾਦਰ ਧਰਤੀ ਨੂੰ ਹੋਰ ਗਰਮ ਕਰ ਸਕਦੀ ਹੈ



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

ਜਦੋਂ ਵੀ ਜਲਵਾਯੂ ਪਰਿਵਰਤਨ ਜਾਂ ਗਲੋਬਲ ਵਾਰਮਿੰਗ ਦੀ ਗੱਲ ਹੁੰਦੀ ਹੈ ਤਾਂ ਸਾਡਾ ਧਿਆਨ ਕਾਰਬਨ ਡਾਈਆਕਸਾਈਡ, ਗ੍ਰੀਨਹਾਊਸ ਗੈਸਾਂ, ਪਿਘਲਦੇ ਹਿਮਨਦਾਂ ਅਤੇ ਵਧਦੇ ਸਮੁੰਦਰੀ ਪੱਧਰ ਵੱਲ ਜਾਂਦਾ ਹੈ। ਪਰ ਵਿਗਿਆਨੀਆਂ ਦਾ ਧਿਆਨ ਹੁਣ ਇੱਕ ਹੋਰ ਮਹੱਤਵਪੂਰਨ ਤੱਤ ਵੱਲ ਵੀ ਕੇਂਦਰਿਤ ਹੋ ਰਿਹਾ ਹੈ—ਬੱਦਲਾਂ ਦੀ ਘਟਦੀ ਮਾਤਰਾ। ਭਾਵੇਂ ਬੱਦਲ ਹਲਕੇ ਅਤੇ ਅਸਥਾਈ ਦਿਖਾਈ ਦਿੰਦੇ ਹਨ, ਪਰ ਧਰਤੀ ਦੇ ਤਾਪਮਾਨ ਨੂੰ ਸੰਤੁਲਿਤ ਰੱਖਣ ਵਿੱਚ ਉਨ੍ਹਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਜੇਕਰ ਬੱਦਲਾਂ ਦੀ ਚਾਦਰ ਘਟਦੀ ਹੈ, ਤਾਂ ਧਰਤੀ ਪਹਿਲਾਂ ਨਾਲੋਂ ਵੱਧ ਗਰਮ ਹੋ ਸਕਦੀ ਹੈ ਅਤੇ ਜਲਵਾਯੂ ਪਰਿਵਰਤਨ ਦੀ ਰਫ਼ਤਾਰ ਤੇਜ਼ ਹੋ ਸਕਦੀ ਹੈ।

ਬੱਦਲ ਕੁਦਰਤ ਦੇ "ਤਾਪਮਾਨ ਨਿਯੰਤਰਕ" ਵਜੋਂ ਕੰਮ ਕਰਦੇ ਹਨ। ਦਿਨ ਦੇ ਸਮੇਂ ਚਿੱਟੇ ਅਤੇ ਸੰਘਣੇ ਬੱਦਲ ਸੂਰਜ ਦੀਆਂ ਕਿਰਨਾਂ ਦਾ ਇੱਕ ਵੱਡਾ ਹਿੱਸਾ ਵਾਪਸ ਪੁਲਾੜ ਵਿੱਚ ਪਰਤਾਉਂਦੇ ਹਨ। ਇਸ ਪ੍ਰਕਿਰਿਆ ਨੂੰ ਐਲਬੀਡੋ ਪ੍ਰਭਾਵ ਕਿਹਾ ਜਾਂਦਾ ਹੈ। ਇਸ ਨਾਲ ਧਰਤੀ ਦੀ ਸਤ੍ਹਾ ਬੇਹੱਦ ਗਰਮ ਹੋਣ ਤੋਂ ਬਚੀ ਰਹਿੰਦੀ ਹੈ। ਦੂਜੇ ਪਾਸੇ, ਰਾਤ ਦੇ ਸਮੇਂ ਕੁਝ ਬੱਦਲ ਧਰਤੀ ਤੋਂ ਨਿਕਲਣ ਵਾਲੀ ਗਰਮੀ ਨੂੰ ਰੋਕ ਕੇ ਤਾਪਮਾਨ ਨੂੰ ਬਹੁਤ ਜ਼ਿਆਦਾ ਘਟਣ ਨਹੀਂ ਦਿੰਦੇ। ਇਸ ਤਰ੍ਹਾਂ ਬੱਦਲ ਧਰਤੀ ਦੇ ਤਾਪਮਾਨ ਦਾ ਕੁਦਰਤੀ ਸੰਤੁਲਨ ਬਣਾਈ ਰੱਖਦੇ ਹਨ।

ਖ਼ਾਸ ਤੌਰ 'ਤੇ ਸਮੁੰਦਰਾਂ ਉੱਤੇ ਬਣਨ ਵਾਲੇ ਹੇਠਲੇ ਬੱਦਲ ਸੂਰਜ ਦੀ ਰੌਸ਼ਨੀ ਨੂੰ ਸਭ ਤੋਂ ਵੱਧ ਪਰਤਾਉਂਦੇ ਹਨ ਅਤੇ ਧਰਤੀ ਨੂੰ ਠੰਢਾ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਦੇ ਉਲਟ, ਉੱਚਾਈ 'ਤੇ ਬਣਨ ਵਾਲੇ ਪਤਲੇ ਬੱਦਲ ਕਈ ਵਾਰ ਸੂਰਜ ਦੀ ਰੌਸ਼ਨੀ ਨੂੰ ਲੰਘਣ ਦਿੰਦੇ ਹਨ ਪਰ ਧਰਤੀ ਤੋਂ ਨਿਕਲਣ ਵਾਲੀ ਗਰਮੀ ਨੂੰ ਫਸਾ ਲੈਂਦੇ ਹਨ। ਇਸ ਲਈ ਵੱਖ-ਵੱਖ ਕਿਸਮ ਦੇ ਬੱਦਲਾਂ ਦਾ ਸੰਤੁਲਨ ਧਰਤੀ ਦੇ ਮੌਸਮ ਲਈ ਬਹੁਤ ਜ਼ਰੂਰੀ ਹੈ।

ਵਿਗਿਆਨੀਆਂ ਅਨੁਸਾਰ ਵਧਦੇ ਤਾਪਮਾਨ ਕਾਰਨ ਵਾਤਾਵਰਣ ਵਿੱਚ ਨਮੀ, ਹਵਾਵਾਂ ਦੇ ਰੁਝਾਨ ਅਤੇ ਬੱਦਲਾਂ ਦੇ ਬਣਨ ਦੀ ਪ੍ਰਕਿਰਿਆ ਬਦਲ ਰਹੀ ਹੈ। ਕਈ ਜਲਵਾਯੂ ਮਾਡਲ ਇਹ ਸੰਕੇਤ ਦਿੰਦੇ ਹਨ ਕਿ ਜੇ ਧਰਤੀ ਹੋਰ ਗਰਮ ਹੁੰਦੀ ਰਹੀ ਤਾਂ ਕੁਝ ਖੇਤਰਾਂ, ਖ਼ਾਸ ਕਰਕੇ ਉਪ-ਉਸ਼ਣਕਟੀਬੰਧੀ ਸਮੁੰਦਰਾਂ ਉੱਪਰ, ਹੇਠਲੇ ਬੱਦਲਾਂ ਦੀ ਗਿਣਤੀ ਘਟ ਸਕਦੀ ਹੈ। ਇਸ ਨਾਲ ਘੱਟ ਸੂਰਜੀ ਰੌਸ਼ਨੀ ਪੁਲਾੜ ਵਿੱਚ ਵਾਪਸ ਜਾਵੇਗੀ ਅਤੇ ਵੱਧ ਗਰਮੀ ਧਰਤੀ 'ਤੇ ਹੀ ਰਹੇਗੀ। ਇਹ ਇੱਕ ਖ਼ਤਰਨਾਕ ਫੀਡਬੈਕ ਚੱਕਰ ਬਣ ਸਕਦਾ ਹੈ—ਵਧਦੀ ਗਰਮੀ ਬੱਦਲਾਂ ਨੂੰ ਘਟਾਏਗੀ ਅਤੇ ਘੱਟ ਬੱਦਲ ਧਰਤੀ ਨੂੰ ਹੋਰ ਗਰਮ ਕਰਨਗੇ।


ਬੱਦਲਾਂ ਦੀ ਘਾਟ ਦੇ ਪ੍ਰਭਾਵ ਦੂਰਗਾਮੀ ਹੋ ਸਕਦੇ ਹਨ। ਹੀਟਵੇਵਜ਼ ਹੋਰ ਲੰਬੀਆਂ ਅਤੇ ਤੀਬਰ ਹੋਣਗੀਆਂ, ਸੋਕੇ ਅਤੇ ਜੰਗਲਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਧ ਸਕਦੀਆਂ ਹਨ। ਸਮੁੰਦਰਾਂ ਦਾ ਤਾਪਮਾਨ ਵਧਣ ਨਾਲ ਤੂਫ਼ਾਨ ਹੋਰ ਸ਼ਕਤੀਸ਼ਾਲੀ ਬਣ ਸਕਦੇ ਹਨ ਅਤੇ ਕੋਰਲ ਰੀਫ਼ਾਂ ਨੂੰ ਗੰਭੀਰ ਨੁਕਸਾਨ ਪਹੁੰਚ ਸਕਦਾ ਹੈ। ਖੇਤੀਬਾੜੀ ਵੀ ਪ੍ਰਭਾਵਿਤ ਹੋਵੇਗੀ ਕਿਉਂਕਿ ਫਸਲਾਂ ਵੱਧ ਗਰਮੀ ਅਤੇ ਪਾਣੀ ਦੀ ਕਮੀ ਦਾ ਸਾਹਮਣਾ ਕਰਨਗੀਆਂ।

ਮਨੁੱਖੀ ਸਿਹਤ 'ਤੇ ਵੀ ਇਸ ਦੇ ਗੰਭੀਰ ਪ੍ਰਭਾਵ ਪੈ ਸਕਦੇ ਹਨ। ਵਧਦੀ ਗਰਮੀ ਕਾਰਨ ਹੀਟ ਸਟ੍ਰੋਕ, ਡੀਹਾਈਡਰੇਸ਼ਨ ਅਤੇ ਦਿਲ ਨਾਲ ਸੰਬੰਧਿਤ ਬਿਮਾਰੀਆਂ ਦੇ ਮਾਮਲੇ ਵੱਧ ਸਕਦੇ ਹਨ। ਬੱਚੇ, ਬਜ਼ੁਰਗ ਅਤੇ ਖੁੱਲ੍ਹੇ ਵਿੱਚ ਕੰਮ ਕਰਨ ਵਾਲੇ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਸ਼ਹਿਰਾਂ ਵਿੱਚ, ਜਿੱਥੇ ਪਹਿਲਾਂ ਹੀ "ਅਰਬਨ ਹੀਟ ਆਈਲੈਂਡ" ਪ੍ਰਭਾਵ ਕਾਰਨ ਤਾਪਮਾਨ ਵੱਧ ਹੁੰਦਾ ਹੈ, ਹਾਲਾਤ ਹੋਰ ਵੀ ਚੁਣੌਤੀਪੂਰਨ ਬਣ ਸਕਦੇ ਹਨ।

ਇਹ ਸਥਿਤੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਧਰਤੀ ਦਾ ਜਲਵਾਯੂ ਤੰਤਰ ਬਹੁਤ ਜਟਿਲ ਅਤੇ ਆਪਸ ਵਿੱਚ ਜੁੜਿਆ ਹੋਇਆ ਹੈ। ਵਾਤਾਵਰਣ, ਸਮੁੰਦਰ, ਜੰਗਲ, ਬਰਫ਼ ਅਤੇ ਬੱਦਲ—ਸਾਰੇ ਇੱਕ-ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਕਿਸੇ ਇੱਕ ਹਿੱਸੇ ਵਿੱਚ ਆਇਆ ਬਦਲਾਅ ਪੂਰੇ ਜਲਵਾਯੂ ਸੰਤੁਲਨ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਲਈ ਸਿਰਫ਼ ਤਾਪਮਾਨ ਨੂੰ ਨਹੀਂ, ਸਗੋਂ ਪੂਰੇ ਕੁਦਰਤੀ ਤੰਤਰ ਨੂੰ ਸਮਝਣਾ ਅਤੇ ਸੰਭਾਲਣਾ ਲਾਜ਼ਮੀ ਹੈ।

ਵਿਗਿਆਨੀ ਉਪਗ੍ਰਹਾਂ, ਆਧੁਨਿਕ ਮੌਸਮੀ ਮਾਡਲਾਂ ਅਤੇ ਕ੍ਰਿਤ੍ਰਿਮ ਬੁੱਧੀ ਦੀ ਮਦਦ ਨਾਲ ਬੱਦਲਾਂ ਦੇ ਵਿਹਾਰ ਦਾ ਹੋਰ ਸਹੀ ਅਧਿਐਨ ਕਰ ਰਹੇ ਹਨ। ਇਸ ਦੇ ਨਾਲ ਹੀ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣਾ, ਨਵਿਆਉਣਯੋਗ ਊਰਜਾ ਨੂੰ ਅਪਣਾਉਣਾ, ਜੰਗਲਾਂ ਦੀ ਰੱਖਿਆ ਕਰਨੀ ਅਤੇ ਊਰਜਾ ਦੀ ਬਚਤ ਕਰਨੀ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

ਅੰਤ ਵਿੱਚ, ਬੱਦਲ ਸਿਰਫ਼ ਅਸਮਾਨ ਦੀ ਸੁੰਦਰਤਾ ਨਹੀਂ ਹਨ; ਉਹ ਧਰਤੀ ਦੇ ਕੁਦਰਤੀ ਏਅਰ ਕੰਡੀਸ਼ਨਰ ਹਨ। ਜੇ ਬੱਦਲਾਂ ਦੀ ਚਾਦਰ ਘਟਦੀ ਹੈ ਤਾਂ ਧਰਤੀ ਦਾ ਤਾਪਮਾਨ ਤੇਜ਼ੀ ਨਾਲ ਵੱਧ ਸਕਦਾ ਹੈ ਅਤੇ ਇਸ ਦੇ ਨਤੀਜੇ ਮਨੁੱਖਤਾ, ਖੇਤੀਬਾੜੀ, ਪਾਣੀ ਦੇ ਸਰੋਤਾਂ ਅਤੇ ਜੈਵ ਵਿਭਿੰਨਤਾ ਲਈ ਗੰਭੀਰ ਹੋ ਸਕਦੇ ਹਨ। ਇਸ ਲਈ ਜਲਵਾਯੂ ਪਰਿਵਰਤਨ ਨੂੰ ਰੋਕਣ ਲਈ ਕੀਤੇ ਜਾਣ ਵਾਲੇ ਹਰ ਯਤਨ ਨਾਲ ਅਸੀਂ ਉਸ ਨਾਜ਼ੁਕ ਕੁਦਰਤੀ ਸੰਤੁਲਨ ਦੀ ਵੀ ਰੱਖਿਆ ਕਰ ਰਹੇ ਹਾਂ ਜਿਸ ਵਿੱਚ ਬੱਦਲਾਂ ਦੀ ਭੂਮਿਕਾ ਬੇਮਿਸਾਲ ਹੈ।






# WHOLE HOME SOLAR & BATTERY STARTING AT $25,000

**For a standard 5kW Solar & 14kWh Battery system**

Roof or main panel upgrades not included



**Clear & Up-Front Pricing**

**High-Efficiency Components**


**Permits and Utility Approvals Included**

**Protect Existing NEM 2.0**
(Via Non-Export Configuration)

**CALL HARRY FOR A QUOTE | (925) 537-2732**

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building

*Pricing & offer details vary by location & applicant.*


Pal Films Production
All Your Photo/Videography & Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

# ਇੱਕ ਕੁੜੀ- ਜੋ ਕਹਾਣੀ ਬਣ ਗਈ

ਸਤਬੀਰ ਮਾਪਿਆਂ ਦੀ ਸਭ ਤੋਂ ਛੋਟੀ ਤੇ ਲਾਡਲੀ ਧੀ ਸੀ। ਬਹੁਤੀ ਲਾਡਲੀ ਹੋਣ ਕਰਕੇ ਉਹ ਨਖ਼ਰੀਲੀ ਵੀ ਬਹੁਤ ਸੀ। ਉਸ ਦੀ ਉਸ ਤੋਂ ਛੇ ਕੁ ਸਾਲ ਵੱਡੀ ਭੈਣ ਜਿੰਦੋ ,ਵਿਆਹੀ ਹੋਈ ਸੀ ਤੇ ਉਸ ਦੇ ਤਿੰਨ ਅਤੇ ਪੰਜ ਸਾਲ ਦੇ ਦੋ ਪੁੱਤਰ ਸਨ। ਜਿੰਦੋ ਦਾ ਘਰਵਾਲਾ ਮੋਹਣਾ ਪੱਕੇ ਰੰਗ ਦਾ ਮੋਟੇ ਮੋਟੇ ਨੈਣ ਨਕਸ਼ਾਂ ਵਾਲ਼ਾ ਮੁੰਡਾ ਸੀ। ਜਿੰਦੋ ਦੇ ਘਰਵਾਲ਼ੇ ਦਾ ਸੁਭਾਅ ਵੀ ਕੋਈ ਬਹੁਤਾ ਵਧੀਆ ਨਹੀਂ ਸੀ। ਜਿੰਦੋ ਤੋਂ ਛੋਟਾ ਤੇ ਸਤਬੀਰ ਤੋਂ ਵੱਡਾ ਉਹਨਾਂ ਦਾ ਇੱਕੋ ਇੱਕ ਭਰਾ ਜੀਤ ਜੋ ਦਸ ਪੜ੍ਹਕੇ ਹਟ ਗਿਆ ਸੀ ਤੇ ਬਾਪੂ ਨਾਲ ਖੇਤੀਬਾੜੀ ਕਰਵਾਉਂਦਾ ਸੀ। ਜੀਤ ਘਰ ਦੇ ਬਾਹਰ ਅੰਦਰ ਦੇ ਸਭ ਕੰਮ ਧੰਦੇ ਸੰਭਾਲੀ ਫਿਰਦਾ ਸੀ। ਵੱਡੀ ਭੈਣ ਨੂੰ ਦਿਨ ਤਿਹਾਰ ਨੂੰ ਮਿਲਣ ਜਾਣਾ ਜਾਂ ਉਸ ਨੂੰ ਪੇਕੇ ਮਿ਼ਲਣ ਆਈ ਨੂੰ ਸਹੁਰੀਂ ਛੱਡਣ ਜਾਣਾ ਜਾਂ ਹੋਰ ਰਿਸ਼ਤੇਦਾਰੀਆਂ ਵਿੱਚ ਆਪਣੀ ਮਾਂ ਨੂੰ ਲੈ ਕੇ ਜਾਣਾ,ਸਭ ਉਸ ਦੀ ਜ਼ਿੰਮੇਵਾਰੀ ਹੀ ਸੀ। ਸਤਬੀਰ ਨੂੰ ਕਾਲਜ ਪੜ੍ਹਨ ਜਾਂਦੀ ਨੂੰ ਸਕੂਟਰ ਤੇ ਅੱਡੇ ਤੱਕ ਛੱਡ ਕੇ ਆਉਣਾ ਜਾਂ ਲੈ ਕੇ ਆਉਣਾ ਉਸੇ ਦੀ ਹੀ ਜ਼ਿੰਮੇਵਾਰੀ ਸੀ।

ਸਤਬੀਰ ਪਿੰਡ ਦੀਆਂ ਸਾਰੀਆਂ ਕੁੜੀਆਂ ਵਿੱਚੋਂ ਸੋਹਣੀ ਸੁਨੱਖੀ ਮੁਟਿਆਰ ਸੀ । ਉਸ ਨੂੰ ਆਪਣੇ ਰੰਗ ਰੂਪ ਦਾ ਘੁਮੰਡ ਵੀ ਬਹੁਤ ਸੀ। ਉਸ ਦੀ ਕਿਸੇ ਸਹੇਲੀ ਦੀ ਮੰਗਣੀ ਹੋਈ ਤਾਂ ਉਸ ਨੇ ਚਾਈਂ ਚਾਈਂ ਉਸ ਨੂੰ ਆਪਣੇ ਮੰਗੇਤਰ ਦੀ ਫੋਟੋ ਵਿਖਾ ਦਿੱਤੀ ਤਾਂ ਉਸ ਨੂੰ ਆਖਣ ਲੱਗੀ," ਨੀ ਆਹ ਕੀ.... ਆਏ ਹਾਏ.... ਐਹੇ ਜਿਹੇ ਝੁੱਡੂ ਨਾ਼ਲ ਜ਼ਿੰਦਗੀ ਕੱਟੇਂਗੀ....?" ਉਸ ਦੀ ਸਹੇਲੀ ਨੇ ਚੁੱਪ ਕਰ ਕੇ ਫੋਟੋ ਆਪਣੀ ਕਿਤਾਬ ਵਿੱਚ ਰੱਖ ਲਈ। ਅਕਸਰ ਉਹ ਕਾਲਜ ਦੀ ਬੱਸ ਵਿੱਚ ਬੈਠੀ ਆਪਣੀਆਂ ਸਹੇਲੀਆਂ ਕੋ਼ਲ ਬੜੇ ਨਹੋਰਾ ਮਾਰ ਮਾਰ ਕੇ ਆਖਦੀ," ਮੈਂ ਐਵੇਂ ਕਿਸੇ ਦੇ ਵੀ ਕਹੇ ਤੇ ਆਪਣਾ ਰਿਸ਼ਤਾ ਨੀ ਕਰਵਾ ਲੈਣਾ.... ਕੋਈ ਕਿਸਮਤ ਵਾਲਾ ਈ ਹੋਊ ਜੀਹਨੂੰ ਮੈਂ ਪਸੰਦ ਕਰੂੰਗੀ.... ਮੈਂ ਨੀ ਗਾਵਾਂ ਵਛੜੀਆਂ ਵਾਂਗ ਕਿਸੇ ਦੇ ਵੀ ਮਗਰ ਲੱਗ ਕੇ ਤੁਰ ਜਾਣਾ.....ਐਨ ਚੁਣਵਾਂ ਮੁੰਡਾ ਪਸੰਦ ਕਰੂੰਗੀ....!" ਸਤਬੀਰ ਦੇ ਹੁਸਨ ਨਾ਼ਲੋਂ ਵੱਧ ਉਸ ਦੇ ਨਖਰਿਆਂ ਦੀ ਚਰਚਾ ਸੀ। ਜਦ ਉਹ ਇਸ ਤਰ੍ਹਾਂ ਦੀਆਂ ਘੁਮੰਡ ਭਰੀਆਂ ਗੱਲਾਂ ਕਰਦੀ ਤਾਂ ਸੱਚਮੁੱਚ ਉਸ ਦੇ ਨਖ਼ਰਿਆਂ ਦੇ ਸਾਹਮਣੇ ਉਸ ਦਾ ਸੁਹੱਪਣ ਮੱਧਮ ਪੈ ਜਾਂਦਾ ਸੀ।

ਸਤਬੀਰ ਬੀ.ਏ. ਕਰਕੇ ਹਟੀ ਤਾਂ ਉਸ ਲਈ ਕਈ ਰਿਸ਼ਤੇ ਆਏ ਪਰ ਸਤਬੀਰ ਦੇ ਨੱਕ ਹੇਠਾਂ ਨਾ ਆਏ। ਜਦ ਉਹ ਪਿੰਡ ਵਿੱਚ ਜਾਂ ਰਿਸ਼ਤੇਦਾਰਾਂ ਦੇ ਕਿਸੇ ਵਿਆਹ ਵਿੱਚ ਜਾਂਦੀ ਤਾਂ ਸਾਰੇ ਮੇ਼ਲ ਵਿੱਚ ਬੈਠੀ ਕਿਸੇ ਬੁੱਤਘਾੜੇ ਦੀ ਸਭ ਤੋਂ ਖੂਬਸੂਰਤ ਮੂਰਤੀ ਵਾਂਗ ਲੱਗਦੀ ਜਿਸ ਨੂੰ ਦੇਖੇ ਬਿਨਾਂ ਕੋਈ ਨਾ ਰਹਿ ਸਕਦਾ। ਫਿਰ ਕਿਸੇ ਨਾ ਕਿਸੇ ਨੇ ਰਿਸ਼ਤੇ ਦੀ ਗੱਲ ਛੇੜਨੀ ਤਾਂ ਉਸ ਨੇ ਕੋਰਾ ਜਵਾਬ ਇਸ ਤਰ੍ਹਾਂ ਦੇਣਾ ਕਿ ਜਿਵੇਂ ਉਸ ਨੂੰ ਕੋਈ ਵੱਖਰੀ ਦੁਨੀਆਂ ਦਾ ਫ਼ਰਿਸ਼ਤਾ ਜਾਂ ਰਾਜਕੁਮਾਰ ਹੀ ਵਿਆਹੁਣ ਆਵੇਗਾ।

ਇੱਕ ਦਿਨ ਜਿੰਦੋ ਆਪਣੇ ਦੋਵੇਂ ਬੱਚਿਆਂ ਨਾ਼ਲ ਦੋ ਚਾਰ ਦਿਨ ਰਹਿਣ ਲਈ ਪੇਕੇ ਆਈ । ਬੜੀ ਖੁਸ਼ੀ ਖੁਸ਼ੀ ਰਹਿ ਕੇ ਉਹ ਸਹੁਰੇ ਵਾਪਸ ਚੱਲੀ ਤਾਂ ਉਸ ਨੇ ਜੀਤ ਨੂੰ ਕਿਹਾ ਕਿ ਪਿੰਡੋਂ ਈ ਬੱਸ ਚੜ੍ਹਾ ਦੇਵੇ ਜੋ ਉਸ ਦੇ ਪਿੰਡ ਵਿੱਚੋਂ ਹੋ ਕੇ ਹੀ ਲੰਘਦੀ ਸੀ।ਪਰ ਜੀਤ ਨਹੀਂ ਮੰਨਿਆ ਤੇ ਉਸ ਨੇ ਕਿਹਾ," ਭੈਣੇ.... ਕਿੱਥੇ ਜਵਾਕਾਂ ਨਾਲ ਬੱਸਾਂ ਵਿੱਚ ਧੱਕੇ ਖਾਂਦੀ ਫਿਰੇਂਗੀ..... ਚੱਲ ਮੈਂ... ਸਕੂਟਰ ਤੇ ਛੱਡ ਆਉਂਦਾ ਹਾਂ... !" ਜਿੰਦੋ ਮੰਨ ਗਈ ਤੇ ਸਵੇਰੇ ਗਿਆਰਾਂ ਕੁ ਵਜੇ ਜਵਾਕਾਂ ਨੂੰ ਤਿਆਰ ਕਰਕੇ ਆਪਣੇ ਭਰਾ ਨਾਲ ਸਕੂਟਰ ਦੇ ਪਿੱਛੇ ਵੱਡੇ ਮੁੰਡੇ ਨੂੰ ਵਿਚਾਲੇ ਬਿਠਾ ਕੇ ਆਪ ਪਿੱਛੇ ਬੈਠ ਗਈ ਤੇ ਛੋਟਾ ਮੁੰਡਾ ਜੀਤ ਨੇ ਮੂਹਰੇ ਖੜ੍ਹਾ ਲਿਆ । ਰਸਤੇ ਵਿੱਚ ਜਾਂਦੇ ਇੱਕ ਥਾਈਂ ਸੜਕ ਟੁੱਟੀ ਹੋਣ ਕਰਕੇ ਜਿੰਦੋ ਸਕੂਟਰ ਦੇ ਉਛਲਣ ਤੇ ਪਿੱਛੇ ਸੜਕ ਤੇ ਡਿੱਗ ਗਈ। ਆਉਂਦੇ ਜਾਂਦੇ ਕਿਸੇ ਰਾਹੀ ਦੀ ਮਦਦ ਨਾਲ ਜਿੰਦੋ ਨੂੰ ਜਦ ਉਠਾਇਆ ਤੇ ਹਸਪਤਾਲ ਲੈ ਕੇ ਗਿਆ ਤਾਂ ਉਸ ਦੀ ਪੁੜਪੜੀ ਵਿੱਚੋਂ ਬਹੁਤ ਖੂਨ ਵਹਿ ਜਾਣ ਕਰਕੇ ਉਸ ਦੀ ਮੌਤ ਹੋ ਗਈ । ਸਾਰੇ ਰਿਸ਼ਤੇਦਾਰ ਆ ਗਏ। ਮੋਹਣਾ ਵੀ ਆਪਣੇ ਰਿਸ਼ਤੇਦਾਰਾਂ ਨੂੰ ਲੈ ਕੇ ਆ ਗਿਆ। ਉਸ ਨੇ ਹਸਪਤਾਲ ਵਿੱਚ ਹੀ ਰੌ਼ਲਾ ਪਾ ਲਿਆ ਕਿ ਉਸ ਦੇ ਸਹੁਰਿਆਂ ਨੇ ਉਸ ਦੀ ਘਰਵਾ਼ਲੀ ਦੇ ਸਿਰ ਵਿੱਚ ਕੁਛ ਮਾਰ ਕੇ ਦਾ ਕਤਲ ਕੀਤਾ ਹੈ ਤੇ ਉਹ ਉਹਨਾਂ ਤੇ ਪਰਚਾ ਦਰਜ ਕਰਵਾਏਗਾ। ਦੋਹਾਂ ਪਿੰਡਾਂ ਦੀਆਂ ਪੰਚਾਇਤਾਂ ਆਮੋ ਸਾਹਮਣੇ ਆ ਗਈਆਂ। ਪੰਚਾਇਤ ਵਿੱਚ ਬੈਠ ਕੇ ਫੈਸਲਾ ਇਹ ਹੋਇਆ ਕਿ ਮੋਹਣਾ ਆਪਣੇ ਸਹੁਰਿਆਂ 'ਤੇ ਇੱਕ ਸ਼ਰਤ ਤੇ ਕੋਈ ਕੇਸ ਨਹੀਂ ਕਰੇਗਾ ਜੇ ਜਿੰਦੋ ਦੇ ਭੋਗ ਤੋਂ ਬਾਅਦ ਸਤਬੀਰ ਨੂੰ ਉਸ ਨਾਲ ਵਿਆਹ ਦੇਣਗੇ। ਜਿੰਦੋ ਦੇ ਮਾਪੇ ਮਰਦੇ ਅੱਕ ਨਾ ਚੱਬਦੇ ਤਾਂ ਹੋਰ ਕੀ ਕਰਦੇ। ਆਪਣੇ ਭਰਾ ਦੇ ਭਵਿੱਖ ਨੂੰ ਕੋਰਟ ਕਚਹਿਰੀਆਂ ਵਿੱਚ ਰੁਲਣ ਤੋਂ ਬਚਾਉਣ ਲਈ ਅਤੇ ਦੋ ਪੰਚਾਇਤਾਂ ਦੇ ਫੈਸਲਿਆਂ ਦੇ ਸਾਹਮਣੇ ਸਤਬੀਰ ਮਜ਼ਬੂਰ ਹੋ ਗਈ ਸੀ। ਉਸ ਦਾ ਨਖ਼ਰੇ ਤੇ ਰੰਗ ਰੂਪ ਸਭ ਕੁਝ ਮਿੰਟਾਂ ਵਿੱਚ ਭੈਣ ਦੀ ਮੌਤ ਦੇ ਨਾਲ ਹੀ ਦਫ਼ਨ ਹੋ ਗਿਆ ਸੀ। ਫ਼ੈਸਲੇ ਮੁਤਾਬਕ ਜਿੰਦੋ ਦੇ ਭੋਗ ਤੋਂ ਬਾਅਦ ਸਤਬੀਰ ਤੇ ਮੋਹਣੇ ਦੇ ਵਿਆਹ ਦੀ ਤਰੀਕ ਪੱਕੀ ਕਰ ਦਿੱਤੀ ਗਈ। ਮਾਪਿਆਂ ਨੇ ਆਪਣੀ ਲਾਡਲੀ ਧੀ ਦਾ ਵਿਆਹ ਧੂਮ ਧਾਮ ਨਾਲ ਹੀ ਕਰਨ ਦਾ ਫ਼ੈਸਲਾ ਕੀਤਾ ਕਿਉਂ ਕਿ ਉਹ ਨਹੀਂ ਚਾਹੁੰਦੇ ਸਨ ਕਿ ਉਸ ਦੇ ਮਨ ਦੀਆਂ ਹੋਰ ਰੀਝਾਂ ਦਾ ਵੀ ਗ਼ਲਾ ਘੁੱਟ ਦਿੱਤਾ ਜਾਏ। ਉਸ ਨੂੰ ਮੋਹਣੇ ਨਾ਼ਲ ਵਿਆਹੁਣ ਲੱਗਿਆਂ ਨੇ ਮਾਪਿਆਂ ਨੇ ਉਸ ਦੀ ਇੱਕ ਸੋਹਣੇ ਪਤੀ ਤੋਂ ਇਲਾਵਾ ਹੋਰ ਹਰੇਕ ਰੀਝ ਪੂਰੀ ਕੀਤੀ। ਪਿੰਡ ਦੀਆਂ ਕੁੜੀਆਂ ਲਈ ਸਤਬੀਰ ਇੱਕ ਕੁੜੀ ਘੱਟ ਤੇ ਇੱਕ ਕਹਾਣੀ ਵੱਧ ਬਣ ਗਈ ਸੀ। ਜਿਵੇਂ ਉਹ ਲੋਕਾਂ ਨੂੰ ਕਹਿੰਦੀ ਹੁੰਦੀ ਸੀ ਕਿ ਲੋਕ ਉਸ ਦੇ ਪਤੀ ਨੂੰ ਖੜ੍ਹ ਖੜ੍ਹ ਕੇ ਵੇਖਣਗੇ, ਸੱਚਮੁੱਚ ਲੋਕ ਉਸ ਦੇ ਪਤੀ ਨੂੰ ਖੜ੍ਹ ਖੜ੍ਹ ਕੇ ਤਾਂ ਦੇਖਦੇ ਪਰ ਦੇਖਦੇ ਸਾਰ ਹੀ ਲੋਕ ਉਸ ਦੀ ਜ਼ਿੰਦਗੀ ਨੂੰ ਇੱਕ ਕਿਤਾਬ ਵਿਚਲੀ ਕਹਾਣੀ ਵਾਂਗ ਇੱਕ ਦੂਜੇ ਨੂੰ ਸੁਣਾਉਣ ਲੱਗਦੇ।




Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001



ਜਗਰੂਪ ਸਿੰਘ ਜਰਖੜ
98143-00722

# ਧਰਤੀ 'ਤੇ ਵੱਸਦਾ ਸਵਰਗ ਹੈ-ਸਿਆਟਲ ਸ਼ਹਿਰ

## ਸਿਆਟਲ ਦਾ ਮਿਊਜ਼ੀਅਮ ਆਫ ਫਲਾਈਟ" ਹੈ ਮੁੱਖ ਖਿੱਚ ਦਾ ਕੇਂਦਰ

## ਪੰਜਾਬੀਆਂ ਦੀ ਵੀ ਸਿਆਟਲ ਵਿੱਚ ਹੈ ਪਹਿਚਾਣ ਵੱਖਰੀ




ਮੇਰੀ 2026 ਦੀ ਅਮਰੀਕਾ ਫੇਰੀ ਦੌਰਾਨ ਮੈਨੂੰ ਸਿਆਟਲ ਬਾਰੇ ਕੁਝ ਜਾਨਣ ਦਾ ਮੌਕਾ ਮਿਲਿਆ ਉਹ ਇਹ ਕਿ ਅਮਰੀਕਾ ਦੇ ਉੱਤਰ ਦਿਸ਼ਾ ਵੱਲ੍ਹ ਸਥਿਤ ਸਿਆਟਲ ਸ਼ਹਿਰ ਹਰੇਵਾਈ ਅਤੇ ਤਕਨੀਕ, ਵਪਾਰਕ ਪੱਖੋਂ ਦੁਨੀਆ ਦਾ ਇਕ ਅਜੂਬਾ ਹੈ। 45 ਤੋਂ 50 ਲੱਖ ਦੀ ਅਬਾਦੀ ਵਾਲਾ ਸਿਆਟਲ ਸ਼ਹਿਰ ਪਹਾੜਾਂ, ਦਰੱਖਤਾਂ ਅਤੇ ਸਮੁੰਦਰ ਦੇ ਵਿਚ ਘਿਰਿਆ ਹੋਇਆ ਅਮਰੀਕਾ ਦੇ ਵੱਡੇ 15 ਸ਼ਹਿਰਾਂ 'ਚੋਂ ਇੱਕ ਹੈ। ਕੈਨੇਡਾ ਦੇ ਵੈਨਕੂਵਰ ਬਾਰਡਰ ਤੋਂ 100 ਕਿਲੋਮੀਟਰ ਦੂਰੀ 'ਤੇ 217



ਕਿਲੋਮੀਟਰ ਦੇ ਖੇਤਰ ਵਿਚ ਵਸਿਆ ਸਿਆਟਲ ਸ਼ਹਿਰ ਅੱਜ ਤੋਂ ਕਰੀਬ 4 ਹਜ਼ਾਰ ਸਾਲ ਪਹਿਲਾਂ ਅਮਰੀਕਨ ਮੂਲ ਦੇ ਲੋਕਾਂ ਨੇ ਵਸਾਇਆ ਸੀ ਅਤੇ ਫਿਰ ਇਥੇ ਯੂਰਪੀਅਨ ਲੋਕ ਆ ਕੇ ਵਸੇ। ਇਸ ਵੇਲੇ 65 ਪ੍ਰਤੀਸ਼ਤ ਦੇ ਕਰੀਬ ਯੂਰਪੀਅਨ ਲੋਕ ਅਤੇ 14 ਪ੍ਰਤੀਸ਼ਤ ਦੇ ਕਰੀਬ ਏਸ਼ੀਅਨ ਮਹਾਂਦੀਪ ਦੇ ਲੋਕ ਜਦਕਿ 1 ਪ੍ਰਤੀਸ਼ਤ ਦੇ ਕਰੀਬ ਸਿੱਖ ਭਾਈਚਾਰੇ ਦੇ ਲੋਕ ਵੀ ਵਸਦੇ ਹਨ। ਰੱਬ ਨੂੰ ਘੱਟ ਅਤੇ ਕੁਦਰਤ ਦੀ ਸਾਜੀ ਪ੍ਰਕਿਰਤੀ ਨੂੰ ਵੱਧ ਮੰਨਣ ਵਾਲੇ ਲੋਕ ਵਸਦੇ ਹਨ। 2008 ਦੀ ਮਰਦਮੁਸ਼ਾਰੀ ਮੁਤਾਬਕ ਸਭ ਤੋਂ ਵੱਧ ਪੜ੍ਹੇ ਲਿਖੇ ਅਤੇ ਗ੍ਰੈਜੂਏਟ ਸਿਆਟਲ ਵਿਚੋਂ ਬਣੇ ਹਨ। ਯੂਨੀਵਰਸਿਟੀ ਆਫ ਵਾਸ਼ਿੰਗਟਨ ਸਿਆਟਲ ਦੀ ਪਹਿਚਾਣ ਦੁਨੀਆ ਦੀਆਂ ਪਹਿਲੀਆਂ 11 ਯੂਨੀਵਰਸਿਟਿਆਂ 'ਚ ਹੈ। ਅਮਰੀਕਨ ਫੁਟਬਾਲ ਇਥੋਂ ਦੀ ਹਰਮਨ ਪਿਆਰੀ ਖੇਡ ਹੈ। 2015 'ਚ ਸਿਆਟਲ ਨੇ ਅਮਰੀਕਨ ਫੁਟਬਾਲ 'ਚ ਨੈਸ਼ਨਲ ਚੈਂਪੀਅਨ ਬਣ ਕੇ ਇਤਿਹਾਸ ਸਿਰਜਿਆ। ਇਸਤੋਂ ਇਲਾਵਾ ਬੇਸਬਾਲ, ਸਾਕਰ (ਦੁਨੀਆ ਦੀ ਚਰਚਿੱਤ ਫੁਟਬਾਲ ਖੇਡ), ਬਾਸਕਟਬਾਲ ਆਦਿ ਖੇਡਾਂ ਨੂੰ ਲੋਕ ਵਧੇਰੇ ਖੇਡਦੇ ਅਤੇ



ਪਸੰਦ ਕਰਦੇ ਹਨ। ਸਾਲ 2026 ਫੀਫਾ ਵਿਸ਼ਵ ਕੱਪ ਫੁੱਟਬਾਲ ਦੇ 6 ਮੁਕਾਬਲੇ ਸਿਆਟਲ ਦੇ ਫੁੱਟਬਾਲ ਸਟੇਡੀਅਮ ਵਿਖੇ ਖੇਡੇ ਗਏ। ਜਿਸ ਨਾਲ ਅੰਤਰਰਾਸ਼ਟਰੀ ਪੱਧਰ ਤੇ ਸਿਆਟਲ ਦੀ ਮਕਬੂਲੀਅਤ ਹੋਰ ਵਧੀ ਹੈ। ਸਿਆਟਲ 'ਚ 78 ਪ੍ਰਤੀਸ਼ਤ ਲੋਕਾਂ ਵੱਲੋਂ ਅੰਗ੍ਰੇਜੀ ਭਾਸ਼ਾ ਬੋਲੀ ਜਾਂਦੀ ਹੈ ਜਦਕਿ 10 ਪ੍ਰਤੀਸ਼ਤ ਦੇ ਕਰੀਬ ਏਸ਼ੀਅਨ ਮਹਾਂਦੀਪ ਦੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। 1 ਫੀਸਦੀ ਦੇ ਕਰੀਬ ਲੋਕਾਂ ਵਲੋਂ ਇੱਥੇ ਪੰਜਾਬੀ ਭਾਸ਼ਾ ਬੋਲੀ ਜਾਂਦੀ ਹੈ।



**1994 ਵਿੱਚ ਐਮਾਜ਼ੋਨ ਦੀ ਸਥਾਪਨਾ ਵੀ ਸਿਆਟਲ ਵਿੱਚ ਹੀ ਹੋਈ**

ਮੌਸਮ 'ਚ ਜ਼ਿਆਦਾਤਰ ਬਰਸਾਤੀ ਅਤੇ ਬੱਦਲਵਾਈ ਬਣੇ ਰਹਿਣ ਕਾਰਨ ਇਹ ਇਕ ਠੰਢੇ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ। ਮਾਈਕਰੋ ਸਾਫਟ ਕੰਪਨੀ ਦਾ ਮਾਲਕ ਅਤੇ ਦੁਨੀਆ ਦਾ ਸਭ ਤੋਂ ਅਮੀਰ ਆਦਮੀ ਬਿੱਲ ਗੇਟਸ ਵੀ ਇਸੇ ਸ਼ਹਿਰ ਸਿਆਟਲ ਵਿਚ ਹੀ ਰਹਿੰਦਾ ਹੈ। ਇਸਨੂੰ ਜਹਾਜਾਂ ਦੇ ਸ਼ਹਿਰ ਵਜੋਂ ਵੀ ਜਾਣਿਆ ਜਾਂਦਾ ਹੈ। ਦੁਨੀਆ ਦੀ ਚਰਚਿਤ ਬੋਇੰਗ ਕੰਪਨੀ ਦੇ ਸਾਰੇ ਜਹਾਜ਼ ਸਿਆਟਲ ਵਿਖੇ ਬਣਦੇ ਹਨ। ਦੁਨੀਆ ਦੀ ਆਨਲਾਈਨ ਰਿਟੇਲਰ ਕੰਪਨੀ 'ਐਮਾਜ਼ਾਨ' ਦੀ ਸਥਾਪਨਾ ਵੀ 1994 ਵਿਚ ਸਿਆਟਲ ਵਿਖੇ ਹੀ ਹੋਈ। ਜਿਸ ਨਾਲ ਆਧੁਨਿਕ ਤਕਨੀਕ ਦਾ ਦੁਨੀਆ ਵਿਚ ਫਲਾਅ ਹੋਇਆ। ਸਾਫਟਵੇਅਰਾਂ ਅਤੇ ਇੰਟਰਨੈੱਟ ਕੰਪਨੀਆਂ ਦੇ ਆਉਣ ਨਾਲ ਸਿਆਟਲ ਦੁਨੀਆ ਦਾ ਇਕ ਵੱਡਾ ਵਪਾਰਕ ਸ਼ਹਿਰ ਬਣ ਗਿਆ। ਜਿਸ ਕਰਕੇ ਇਸਦੀ ਅਬਾਦੀ ਵਿਚ ਦਿਨੋ ਦਿਨ ਵੱਡੇ ਪੱਧਰ 'ਤੇ ਵਾਧਾ ਹੋ ਰਿਹਾ ਹੈ। ਦੁਨੀਆ ਦੇ ਅਗਾਂਹਵਧੂ ਅਤੇ ਤਰੱਕੀ ਪਸੰਦ ਲੋਕ ਸਿਆਟਲ ਵਿਚ ਆ ਕੇ ਵਸ ਰਹੇ ਹਨ।

**'ਮਿਊਜ਼ਿਅਮ ਆਫ ਫਲਾਈਟ' ਵੱਡੀ ਖਿੱਚ ਦਾ ਕੇਂਦਰ**

ਏਅਰ ਅਤੇ ਪੁਲਾੜ ਦੀ ਪਹਿਚਾਣ ਵਜੋਂ ਮਿਊਜ਼ਿਮ ਆਫ ਫਲਾਈਟ ਸਿਆਟਲ ਵਿਚ ਆਉਣ ਵਾਲੇ ਸੈਲਾਨੀਆਂ ਲਈ ਇਕ ਵੱਡੀ ਖਿੱਚ ਦਾ ਕੇਂਦਰ ਹੈ। ਇਸ ਮਿਊਜ਼ਿਅਮ ਵਿਚ 20ਵੀਂ ਸਦੀ ਦੇ ਮੁੱਢਲੇ ਬਣੇ ਜਹਾਜ਼ਾਂ ਤੋਂ ਲੈ ਕੇ ਹੁਣ ਤੱਕ ਦੇ ਆਧੁਨਿਕ ਤਕਨੀਕ ਵਾਲੇ ਜਹਾਜ਼ਾਂ ਦੇ ਦਿਲ ਖਿੱਚਵੇਂ ਮਾਡਲ ਖੜ੍ਹੇ ਹਨ। ਜਿਨ੍ਹਾਂ ਨੂੰ ਦੇਖ ਕੇ ਇਹ ਪਤਾ ਲੱਗਦਾ ਹੈ ਕਿ ਤਕਨੀਕ ਕਿਥੋਂ ਚੱਲ ਕੇ ਕਿਥੇ ਤੱਕ ਪਹੁੰਚ ਗਈ ਹੈ। ਇਸ ਤੋਂ ਇਲਾਵਾ ਪਹਿਲਾ ਵਿਸ਼ਵ ਯੁੱਧ 1914 ਤੋਂ ਲੈ ਕੇ 1918 ਵਿਚ ਅਤੇ ਦੂਸਰਾ ਵਿਸ਼ਵ ਯੁੱਧ 1942 ਤੋਂ ਲੈ ਕੇ 1946 ਤੱਕ ਵਰਤਿਆ ਗਿਆ ਜੰਗੀ ਸਮਾਨ ਜਹਾਜ਼, ਪਹਿਲਾ ਫਾਈਟਰ ਪਲੇਨ, ਅਤੇ ਹੋਰ ਇਤਿਹਾਸਕ ਵਸਤਾਂ ਦਾ ਨਜ਼ਾਰਾ ਤੇ ਗਿਆਨ ਵਿੱਚ ਵਾਧਾ ਤਾਂ ਦੇਖਿਆਂ ਹੀ ਮਿਲਦਾ ਹੈ। ਬੋਇੰਗ ਕੰਪਨੀ ਇੱਕ ਨਵੇਂ ਜਹਾਜ਼ ਨੂੰ 6 ਦਿਨ ਵਿੱਚ ਤਿਆਰ ਕਰ ਦਿੰਦੀ ਹੈ। ਇਸ ਇਤਿਹਾਸਕ ਸ਼ਹਿਰ ਨੇ ਵੱਡੇ ਉਤਰਾਅ ਚੜ੍ਹਾਅ ਵੀ ਝੱਲੇ ਹਨ।

ਪਹਿਲੇ ਵਿਸ਼ਵ ਯੁੱਧ ਮੌਕੇ ਵੱਡੇ ਪੱਧਰ 'ਤੇ ਆਰਥਿਕ ਨੁਕਸਾਨ ਸਿਆਟਲ ਨੇ ਝੱਲਿਆ ਜਿਸਨੂੰ ਗਰੀਬੀ, ਬੇਰੁਜ਼ਗਾਰੀ ਅਤੇ ਹੋਰ ਆਫਤਾਂ ਦਾ ਸਾਹਮਣਾ ਵੀ ਕਰਨਾ ਪਿਆ। 1970 'ਚ ਬੋਇੰਗ ਕੰਪਨੀ ਨੇ ਇਸਨੂੰ ਆਰਥਿਕ ਤੌਰ 'ਤੇ ਮਜਬੂਤ ਕਰਨ ਲਈ ਵਿੱਤੀ ਸਹਾਇਤਾ ਦਿੱਤੀ। ਜਿਸ ਨਾਲ ਇਹ ਸ਼ਹਿਰ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਹੋਇਆ। ਇਸੇ ਵਜ੍ਹਾ ਕਰਕੇ ਅੱਜ ਦੀ ਘੜੀ ਸੁੰਦਰਤਾ, ਆਰਥਿਕਤਾ ਅਤੇ ਵਪਾਰ ਪੱਖੋਂ ਦੁਨੀਆ ਦਾ ਅਜੂਬਾ ਬਣ ਗਿਆ ਹੈ।

**ਇੱਕ ਅਜੂਬਾ ਹੋਰ ਸਿਆਟਲ ਵਿਚ, ਸਪੇਸ ਨੀਡਲ ਟਾਵਰ**

ਦੁਨੀਆ ਦੇ 7 ਅਜੂਬਿਆਂ 'ਚ ਆਪਣੀ ਪਹਿਚਾਣ ਰੱਖਣ ਵਾਲਾ 184 ਮੀਟਰ ਉੱਚਾ ਸਪੇਸ ਨੀਡਲ ਟਾਵਰ ਪੇਰਿਸ ਦੇ ਫਰਾਂਸ ਸ਼ਹਿਰ ਦੇ ਆਈਫਲ ਟਾਵਰ ਦੀ ਤਰ੍ਹਾਂ ਆਪਣੀ ਵੱਖਰੀ ਖਿੱਚ ਦਰਸਾਉਂਦਾ ਹੈ। ਸਟਾਰਬਕਸ ਕੌਫੀ ਦੀ ਵੀ ਸ਼ੁਰੂਆਤ ਸਿਆਟਲ ਤੋਂ ਹੀ ਹੋਈ। ਸਟਾਰਬਕਸ ਕੌਫੀ ਦੀ ਪਹਿਲੀ ਦੁਕਾਨ ਅੱਜ ਵੀ ਡਾਊਨ ਟਾਊਨ ਸਿਆਟਲ ਵਿੱਚ ਮੌਜੂਦ ਹੈ। ਜਿੱਥੇ ਕੌਫ਼ੀ ਪੀਣ ਲਈ ਅੱਜ ਵੀ ਲੋਕਾਂ ਦੀ ਵੱਡੀ ਭੀੜ ਜੁੜਦੀ ਹੈ। ਸਿਆਟਲ ਸ਼ਹਿਰ ਦਾ ਸਾਰਾ ਢਾਂਚਾ ਉਥੋਂ ਦੇ ਮੇਅਰ ਦੀ ਨਿਗਰਾਨੀ ਹੇਠ ਚਲਦਾ ਹੈ। ਇਥੇ ਦੋ ਪਾਰਟੀ ਰਾਜਨੀਤਿਕ ਸਿਸਟਮ ਡੈਮੋਕਰੇਟਿਕ ਅਤੇ ਰਿਪਬਲਿਕ ਪਾਰਟੀਆਂ ਦਾ ਹੈ। ਵਧੇਰੇ ਰਾਜਨਿਤਿਕ ਦਬਦਬਾ ਡੈਮੋਕਰੇਟਿਕ ਪਾਰਟੀ ਦਾ ਹੈ। 2012 ਦੀਆਂ ਆਮ ਚੋਣਾਂ 'ਚ ਉਸ ਵੇਲੇ ਚੁਣੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ 80 ਪ੍ਰਤੀਸ਼ਤ ਵੋਟ ਸਿਆਟਲ ਸ਼ਹਿਰ 'ਚੋਂ ਲੋਕਾਂ ਨੇ ਪਾਈ ਸੀ। ਜੋ ਕਿ ਇਕ ਰਾਜਨੀਤਿਕ ਰਿਕਾਰਡ ਹੈ। 1926 ਵਿਚ ਬਰਥਾ ਨਾਈਟ ਲੈਂਡਿਸ ਪਹਿਲੀ ਮਹਿਲਾ ਸੀ ਜਿਸਨੂੰ ਮੇਅਰ ਬਣਨ ਦਾ ਮਾਣ ਹਾਸਲ ਹੋਇਆ, ਜਦਕਿ ਭਾਰਤ ਦੀ ਪਹਿਲੀ ਮਹਿਲਾ ਪ੍ਰੋਮਿਲਾ ਜੈਪਾਲ ਨੂੰ ਇਥੋਂ ਦੀ ਕਾਂਗਰਸ ਮੈਂਬਰ ਬਣਨ ਦਾ ਮਾਣ ਹਾਸਲ ਹੋਇਆ।

**ਸਿਆਟਲ ਵਿਚ ਪੰਜਾਬੀਆਂ ਦੀ ਪਹਿਚਾਣ ਵੱਖਰੀ**

ਸਿਆਟਲ ਸ਼ਹਿਰ 'ਚ ਜਿਥੇ ਯੂਰਪੀਅਨ ਲੋਕਾਂ ਦਾ ਪੂਰੀ ਤਰ੍ਹਾਂ ਦਬਦਬਾ ਹੈ ਉਥੇ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨਾਲ ਸਬੰਧਤ ਇੱਕ ਲੱਖ ਤੋਂ ਵੱਧ ਲੋਕ ਸਿਆਟਲ ਵਿੱਚ ਰਹਿੰਦੇ ਹਨ। ਮਾਣ ਵਾਲੀ ਗੱਲ ਹੈ ਕਿ ਗੁਰੂ ਨਾਨਕ ਦੇਵ ਇੰਜੀਨੀਅਰ ਕਾਲਜ ਲੁਧਿਆਣਾ ਦੇ 1980ਵੇਂ ਦਹਾਕੇ ਦੇ ਪਾਸ ਆਉਟ ਵਿਦਿਆਰਥੀ ਵੱਡੀ ਗਿਣਤੀ ਵਿਚ ਬੋਇੰਗ ਕੰਪਨੀ 'ਚ ਉੱਚੀਆਂ ਪੋਸਟਾਂ 'ਤੇ ਨੌਕਰੀ ਕਰਦੇ ਹਨ। ਹਰਸਿਮਰਤ ਸਿੰਘ ਚਾਹਿਲ ਦੀ ਬੋਇੰਗ ਕੰਪਨੀ ਵਿੱਚ ਆਪਣੀ ਵਿਲੱਖਣ ਪਹਿਚਾਣ ਹੈ। ਸਿੱਖਾਂ ਦੀ ਆਮਦ 1900 ਦੇ ਕਰੀਬ ਗੋਰਿਆਂ ਦੀ ਆਰਮੀ ਰਾਹੀਂ ਐਬਸਫੋਰਡ ਤੇ ਵੈਨਕੂਵਰ ਤੋਂ ਸਿਆਟਲ ਵਿਚ ਹੋਈ।

1947 ਭਾਰਤ ਦੀ ਵੰਡ ਤੋਂ ਬਾਅਦ ਕਾਫੀ ਸਿੱਖ ਪਰਿਵਾਰ ਸਿਆਟਲ 'ਚ ਆ ਕੇ ਵਸੇ। ਪਰ 1984 ਦਰਬਾਰ ਸਾਹਿਬ ਹਮਲੇ ਤੋਂ ਬਾਅਦ ਸਿੱਖਾਂ ਦੀ ਅਤੇ ਪੰਜਾਬੀਆਂ ਦੀ ਇੱਥੇ ਆਉਣ ਦੀ ਇਕ ਲਹਿਰ ਬਣ ਗਈ। ਜ਼ਿਆਦਾਤਰ ਪੰਜਾਬੀ ਟਰੱਕਾਂ, ਸਟੋਰਾਂ ਅਤੇ ਗੈਸ ਸਟੇਸ਼ਨਾਂ ਆਦਿ 'ਤੇ ਆਪਣੀਆਂ ਨੌਕਰੀਆਂ ਕਰਦੇ ਹਨ ਅਤੇ ਬਹੁਤ ਥੋੜ੍ਹਿਆਂ ਨੇ ਆਪਣੇ ਨਿੱਜੀ ਵਪਾਰ 'ਚ ਪੈਸਾ ਨਿਵੇਸ਼ ਕੀਤਾ ਹੋਇਆ ਹੈ। ਸਿਆਟਲ ਦੀ 50 ਲੱਖ ਦੀ ਵਸੋਂ ਵਿਚੋਂ 5 ਲੱਖ ਦੇ ਕਰੀਬ ਲੋਕਾਂ ਨੂੰ ਸਿੱਖੀ ਬਾਰੇ



ਜਾਣਕਾਰੀ ਤੋਂ ਇਲਾਵਾ ਬਹੁਤ ਸ਼ਰਧਾ ਤੇ ਯਕੀਨ ਹੈ। ਇਥੇ ਬਣੇ 'ਵਿੰਗ ਲੂਕ ਏਸ਼ੀਅਨ ਮਿਊਜ਼ੀਅਮ' 'ਚ ਸਿੱਖ ਇਤਿਹਾਸ ਬਾਰੇ ਵਧੀਆ ਜਾਣਕਾਰੀ ਦਿੱਤੀ ਜਾਂਦੀ ਹੈ। ਸਿਆਟਲ 'ਚ ਇੱਕ ਦਰਜਨ ਦੇ ਕਰੀਬ ਗੁਰਦੁਆਰੇ ਹਨ। ਜਦਕਿ ਮੁੱਖ ਗੁਰਦੁਆਰਾ ਸਿੰਘ ਸਭਾ ਗੁਰੂ ਘਰ ਰਿੰਟਨ ਵਿਖੇ ਬਣਿਆ ਹੋਇਆ ਹੈ। ਜਿਥੇ ਹਰ ਐਤਵਾਰ ਅਤੇ ਹੋਰ ਇਤਿਹਾਸਕ ਦਿਨਾਂ ਨੂੰ ਲੋਕ ਵੱਡੀ ਗਿਣਤੀ ਵਿਚ ਨਤਮਸਤਕ ਹੁੰਦੇ ਹਨ। ਇਸਤੋਂ ਇਲਾਵਾ ਪੰਜਾਬੀਆਂ ਵੱਲੋਂ ਖੇਡ ਗਤੀਵਿਧੀਆਂ ਹਰ ਸਾਲ ਵਧੀਆ ਤਰੀਕੇ ਨਾਲ ਚਲਾਈਆਂ ਜਾਂਦੀਆਂ ਹਨ। ਕਬੱਡੀ ਕੱਪ ਅਤੇ ਹੋਰ ਖੇਡਾਂ ਤੋਂ ਇਲਾਵਾ ਪੰਜਾਬੀ ਬੱਚਿਆਂ ਲਈ ਕੋਚਿੰਗ ਕੈਂਪ ਵੀ ਸਿੱਖ ਭਾਈਚਾਰੇ ਵੱਲੋਂ ਲਗਵਾਏ ਜਾਂਦੇ ਹਨ। ਪੰਜਾਬ ਸਪੋਰਟਸ ਸਿਆਟਲ ਕਬੱਡੀ ਕਲੱਬ ਦਾ



ਵੀ ਅਮਰੀਕਾ, ਕੈਨੇਡਾ ਦੀ ਕਬੱਡੀ ਵਿਚ ਪੂਰੀ ਤਰ੍ਹਾਂ ਜੇਤੂ ਦਬਦਬਾ ਰਿਹਾ ਹੈ। ਮਨਮੋਹਨ ਗਰੇਵਾਲ ਉਰਫ਼ ਮੋਹਣਾਂ ਜੋਧਾਂ ਅਤੇ ਉਨ੍ਹਾਂ ਦੀ ਪੂਰੀ ਟੀਮ ਆਪਣਾ ਤਨ ਮਨ ਧਨ ਕਬੱਡੀ ਕਲੱਬ ਦੇ ਲੇਖੇ ਲਾਉਂਦੇ ਹਨ, ਸਿਆਟਲ ਵੱਸਦੇ ਗੀਤਕਾਰ ਮਨਜੀਤ ਚਾਹਲ ਕਣਕਵਾਲ ਅਤੇ ਉੱਘੇ ਲੇਖਕ ਕਰਨੈਲ ਕੈਲ ਦੀਆਂ ਲਿਖਤਾਂ ਵੀ ਕਾਬਲੇ ਤਰੀਫ ਹੋਣ ਕਾਰਨ ਪੰਜਾਬੀਆਂ ਦਾ ਮਾਣ ਦੁਨੀਆਂ ਚ ਵਧਾ ਰਹੀਆਂ ਹਨ। ਅਸਲ ਸੱਚ ਇਹ ਹੈ ਕਿ ਜੇਕਰ ਕਿਸੇ ਨੇ ਜਿਉਂਦੇ ਜੀਅ ਧਰਤੀ ਤੇ ਵੱਸਦਾ ਸਵਰਗ ਦੇਖਣਾ ਹੋਵੇ ਤਾਂ ਉਹ ਸਵਿਟਜ਼ਰਲੈਂਡ ਤੋਂ ਬਾਅਦ ਸਿਆਟਲ ਸ਼ਹਿਰ ਵਿੱਚੋਂ ਹੀ ਮਿਲਦਾ ਹੈ। ਗੁਰੂ ਰਹਿਮਤ ਕਰੇ, ਸਿਆਟਲ ਸ਼ਹਿਰ ਹੋਰ ਤਰੱਕੀਆਂ ਕਰੇ, ਪੰਜਾਬੀ ਆਪਣੀ ਵਿਲੱਖਣ ਪਹਿਚਾਣ ਬਣਾਉਣ। ਰੱਬ ਰਾਖਾ !





# JK TYRE INC

## JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

STEER TIRE
295/75R22.5

With Installation
Singh: 510-766-9382

SPECIAL OFFER !!



11R22.5

With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the Difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

# S. Singh Cell: (510) 766-9382
2955 N. Wilson Way Stockton , CA 95205

# ਪੂਜਾ ਚੋਰੀ

ਚੋਰ ਚੋਰੀ ਕਰਦੇ ਰਹੇ, ਭਗਵਾਨ ਹਾਮੀ ਭਰਦਾ ਰਿਹਾ,
ਝੂਠ ਅਤੇ ਮੱਕਾਰੀ ਦਾ, ਬੇੜਾ ਨਿੱਤ ਦਿਨ ਤਰਦਾ ਰਿਹਾ।
ਮੂਰਤੀਆਂ ਦੇ ਮੂਰਛਤ ਹੋ ਕੇ, ਦਿਲ ਫਿਹਲ ਹੁੰਦੇ ਰਹੇ,
ਡਾਕਟਰ ਸਾਰੇ ਤਾਣ ਲਾ ਕੇ, ਨਬਜ਼ ਟਟੋਲ ਫੜਦਾ ਰਿਹਾ।
ਪੁਜਾਰੀਆਂ ਦੀਆਂ ਗੋਗੜਾਂ, ਕਦੀ ਵੀ ਭਰ ਨਾ ਸਕੀਆਂ,
ਸ਼ਰਧਾਲੂ ਬੇਚਾਰਾ ਭਗਵਾਨ ਨੂੰ, ਦਾਨ ਦੇ ਕੇ ਡਰਦਾ ਰਿਹਾ।
ਗੋਬਰ ਦੇ ਢੇਰ 'ਤੇ ਸ਼ੌਚਘਰ, ਬੈਂਕਾਂ ਦੇ ਵਿੱਚ ਬਦਲ ਗਏ,
ਬੇਈਮਾਨ ਪ੍ਰਬੰਧਕ ਦਾ, ਹਰ ਕੋਝਾ ਹਰਬਾ ਚੱਲਦਾ ਰਿਹਾ।
ਤਿਲਕ ਅਤੇ ਮਾਲ਼ਾ ਦੇ ਚਾਲਕ, ਬੋਦੀਆਂ ਬੰਨ੍ਹਦੇ ਰਹੇ,
ਟੱਲਾਂ ਦੇ ਊਚੇ ਖੜਾਕ ਵਿੱਚ, ਚਾਂਦੀ ਸੋਨਾ ਢਲ਼ਦਾ ਰਿਹਾ।
ਸਤਯੁਗ ਦੇ ਫ਼ਰਜ਼ੀ ਯੁਗ ਦੀਆਂ, ਕਈ ਫਰਜ਼ੀ ਕਹਾਣੀਆਂ,
ਸੁਣਾ ਸੁਣਾ ਕੇ ਪੰਡਤ ਪ੍ਰੋਹਿਤ, ਮੁੱਢ ਤੋਂ ਸਾਨੂੰ ਠਗਦਾ ਰਿਹਾ।
ਹਾਕਮ ਵੀ ਮੌਨ ਧਾਰ ਕੇ, ਜਾਣ-ਬੁੱਝਕੇ ਅੱਖਾਂ ਮੀਟ ਬੈਠੇ,
ਚੁੱਪ ਚਾਪ ਗੁਪਤ ਸੰਧੀਆਂ ਦਾ, ਹਿੱਸਾ ਪੱਤੀ ਚੱਲਦਾ ਰਿਹਾ।
ਹੁਣ ਅਦਾਲਤਾਂ ਵਿੱਚ ਬਹਿ ਕੇ, ਕੁੱਝ ਨਵੇਂ ਸੌਦੇ ਹੋਣਗੇ,
ਸਾਨੂੰ ਪਤਾ ਨਹੀਂ ਲਗਣਾ, ਕੌਣ ਕਿਸ ਨੂੰ ਕੀ ਘੱਲਦਾ ਰਿਹਾ।
ਪਾਪ ਦੀ ਨਗਰੀ ਦਾ ਨਿਜ਼ਾਮ, ਸੁਧਰੇਗਾ ਕਦੇ ਵੀ ਨਹੀਂ,
ਮੁੱਢ ਤੋਂ ਹੀ ਬੇ ਈਮਾਨ ਹੈ, ਬੇ ਈਮਾਨੀ ਉੱਤੇ ਪਲਦਾ ਰਿਹਾ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ
+44 77487-72308

# ਦੋ ਰੋਟੀਆਂ

ਜਦ ਤੱਕ ਦੋ ਰੋਟੀਆਂ ਦੇ ਬਦਲੇ,
ਮੇਹਰੂ ਦੀ ਧੀ ਦੀ ਪੱਤ ਰੁਲਦੀ ਰਹੇਗੀ,
ਜਦ ਤੱਕ ਕਿਸੇ ਧੀ ਨੂੰ ਆਪਣੀ ਮਾਂ ਦੇ,
ਇਲਾਜ ਲਈ ਨੱਚ ਕੇ ਪੈਸਾ ਕਮਾਉਣਾ ਪਵੇਗਾ,
ਜਦ ਤੱਕ ਕਿਰਤੀ ਦੇ ਹੱਕ ਤੇ ਚੰਦ ਗਿਰਜਾਂ,
ਕੁੰਡਲੀ ਮਾਰ ਕੇ ਬੈਠੀਆਂ ਰਹਿਣਗੀਆਂ,
ਜਦ ਤੱਕ ਬੈਂਕਾਂ ਦੀਆਂ ਕਿਸ਼ਤਾਂ ਟੁੱਟਣ ਤੇ,
ਕਿਰਸਾਨ ਫਾਹੇ ਲੈਂਦਾ ਰਹੇਗਾ,
ਜਦ ਤੱਕ ਹੱਕ ਮੰਗਦੀਆਂ ਧੀਆਂ ਨੂੰ,
ਕੁੱਟਿਆ ਜਾਂਦਾ ਰਹੇਗਾ ਛੱਲੀਆਂ ਦੇ ਵਾਂਗ,
ਜਦ ਤੱਕ ਮੇਰੇ ਦੇਸ਼ ਦੇ ਹਾਕਮ ਕਿਰਤੀਆਂ ਦੀ,
ਕਿਰਤ ਨੂੰ ਲੁੱਟਦੇ ਰਹਿਣਗੇ,
ਜਦ ਤੱਕ ਝੁੱਗੀਆਂ-ਝੋਪੜੀਆਂ,ਕੱਚੀਆਂ ਬਸਤੀਆਂ,
ਵਾਲਿਆਂ ਦੀਆਂ ਆਸਾਂ ਨੂੰ ਬੂਰ ਨਹੀਂ ਪੈ ਜਾਂਦਾ,
ਜਦ ਤੱਕ ਕੋਇਲੇ ਦੀਆਂ ਖਾਨਾਂ ਚ ਕੰਮ ਕਰਦੇ,
ਮਜ਼ਦੂਰ ਦੀ ਜ਼ਿੰਦਗੀ ਚ ਉਜਾਲਾ ਨਹੀਂ ਹੋ ਜਾਂਦਾ,
ਜਦ ਤੱਕ ਹੱਕ ਦੀ ਆਵਾਜ਼ ਪੁਲਿਸ ਦੇ,
ਬੂਟਾਂ ਥੱਲੇ ਦੱਬੀ ਜਾਵੇਗੀ।
ਤੇ ਜਦ ਤੱਕ ਮਨੁੱਖ ਦੇ ਹੱਥੋਂ ਮਨੁੱਖ ਦੀ,
ਲੁੱਟ ਖਤਮ ਨਹੀਂ ਹੋ ਜਾਂਦੀ।
ਮੈਂ ਹਰ ਯੁੱਗ ਵਿੱਚ ਬਾਗੀ ਰਹਾਂਗਾ

ਪਰਮਜੀਤ ਲਾਲੀ
98962-44038

LARRY T. NIERMEYER
Attorney at Law


OFFERING SERVICES IN THE FOLLOWING AREAS
1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

GHUMAN
LAW GROUP INC.

# Ghuman Law Group
## ਤੁਹਾਡੇ ਲਈ ਲੈ ਕੇ ਆਏ ਨੇ
## AMERICA ਵਿੱਚ
## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

**ਸੈਕਰਾਮੈਂਟੋ, ਕੈਲੀਫੋਰਨੀਆ**

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

**Drug and Alcohol Test**

**DOT / NON DOT**

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




SERVPRO®
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702